ਦਲਾਈ ਲਾਮਾ ਦੀ ਆਤਮਕਥਾ

- 12-

ਜਾਦੂ ਜਾਂ ਰਹੱਸ?

ਮੈਨੂੰ ਅਕਸਰ ਤਿੱਬਤੀ ਬੁੱਧ ਧਰਮ ਦੇ ਅਖੌਤੀ ਜਾਦੂਈ ਪਹਿਲੂ ਬਾਰੇ ਸਵਾਲ ਪੁੱਛੇ ਜਾਂਦੇ ਹਨ। ਬਹੁਤ ਸਾਰੇ ਪੱਛਮੀ ਲੋਕ ਜਾਣਨਾ ਚਾਹੁੰਦੇ ਹਨ ਕਿ ਕੀ ਲੋਬਸਾਂਗ ਰੰਪਾ ਅਤੇ ਕੁਝ ਹੋਰਾਂ ਦੁਆਰਾ ਤਿੱਬਤ ਬਾਰੇ ਲਿਖੀਆਂ ਕਿਤਾਬਾਂ ਜਿਨ੍ਹਾਂ ਵਿੱਚ ਉਹ ਰਹੱਸਮਈ ਗਤੀਵਿਧੀਆਂ ਬਾਰੇ ਗੱਲ ਕਰਦੇ ਹਨ, ਸੱਚ ਹਨ? ਉਹ ਮੈਨੂੰ ਇਹ ਵੀ ਪੁੱਛਦੇ ਹਨ ਕਿ ਕੀ 'ਸ਼ੰਬਾ-ਲਾ' (ਕੁਝ ਲੇਖਕਾਂ ਦੁਆਰਾ ਤਿੱਬਤ ਦੇ ਉੱਤਰੀ ਮਾਰੂਥਲਾਂ ਵਿੱਚ ਛੁਪਿਆ ਇੱਕ ਮਿਥਿਹਾਸਕ ਦੇਸ਼- --ਸ਼ਾਂਗਰੀਲਾ) ਮੌਜੂਦ ਹੈ? 1960 ਦੇ ਦਹਾਕੇ ਦੇ ਸ਼ੁਰੂ ਵਿੱਚ ਮੈਨੂੰ ਇੱਕ ਮਸ਼ਹੂਰ ਵਿਗਿਆਨੀ ਦਾ ਇੱਕ ਪੱਤਰ ਮਿਲਿਆ।

ਮੈਂ ਇੱਕ ਵਿਗਿਆਨੀ ਨੂੰ ਮਿਲਿਆ ਜਿਸਨੇ ਲਿਖਿਆ ਸੀ ਕਿ ਉਸਨੇ ਸੁਣਿਆ ਹੈ ਕਿ ਕੁਝ ਉੱਚ ਲਾਮਾ ਅਲੌਕਿਕ ਕਾਰਨਾਮੇ ਕਰ ਸਕਦੇ ਹਨ। ਅਤੇ ਉਸਨੇ ਪੁੱਛਿਆ ਸੀ ਕਿ ਕੀ ਉਸਨੂੰ ਉਨ੍ਹਾਂ ਬਾਰੇ ਸਹੀ ਫੈਸਲਾ ਲੈਣ ਲਈ ਕੁਝ ਪ੍ਰਯੋਗ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।

ਪਹਿਲੇ ਦੋ ਸਵਾਲਾਂ ਦੇ ਜਵਾਬ ਵਿੱਚ ਮੈਂ ਅਕਸਰ ਕਹਿੰਦਾ ਹਾਂ ਕਿ ਇਹਨਾਂ ਵਿੱਚੋਂ ਜ਼ਿਆਦਾਤਰ ਕਿਤਾਬਾਂ ਕਾਲਪਨਿਕ ਹਨ ਅਤੇ 'ਸ਼ੰਬਾ-ਲਾ' ਮੌਜੂਦ ਹੈ, ਪਰ ਆਮ ਰੂਪ ਵਿੱਚ ਨਹੀਂ। ਨਾਲ ਹੀ, ਇਹ ਇਨਕਾਰ ਕਰਨਾ ਗਲਤ ਹੋਵੇਗਾ ਕਿ ਕੁਝ ਤਾਂਤਰਿਕ ਅਭਿਆਸ ਅਸਲ ਵਿੱਚ ਰਹੱਸਮਈ ਘਟਨਾਵਾਂ ਨੂੰ ਜਨਮ ਦਿੰਦੇ ਹਨ। ਇਹੀ ਕਾਰਨ ਸੀ ਕਿ ਮੈਂ ਉਸ ਵਿਗਿਆਨੀ ਨੂੰ ਐਂਵੇ ਜਿਹੇ ਹੀ ਲਿਖ ਮਾਰਿਆ ਕਿ ਉਸਨੇ ਜੋ ਵੀ ਸੁਣਿਆ ਸੀ ਉਹ ਸੱਚ ਸੀ ਅਤੇ ਮੈਂ ਵੀ ਇਸ ਪ੍ਰਯੋਗ ਦੇ ਹੱਕ ਵਿੱਚ ਸੀ, ਪਰ ਇਹ ਦੁੱਖ ਦੀ ਗੱਲ ਸੀ ਕਿ ਜਿਸ ਵਿਅਕਤੀ 'ਤੇ ਇਹ ਪ੍ਰਯੋਗ ਕੀਤੇ ਜਾ ਸਕਦੇ ਸਨ ਉਹ ਅਜੇ ਪੈਦਾ ਨਹੀਂ ਹੋਇਆ ਸੀ। ਅਸਲ

ਵਿੱਚ ਉਸ ਸਮੇਂ ਕੁਝ ਵਿਵਹਾਰਕ ਕਾਰਨ ਸਨ ਜਿਨ੍ਹਾਂ ਕਾਰਨ ਅਜਿਹੀਆਂ ਜਾਂਚਾਂ ਵਿੱਚ ਹਿੱਸਾ ਲੈਣਾ ਸੰਭਵ ਨਹੀਂ ਸੀ।

ਪਰ ਉਦੋਂ ਤੋਂ ਮੈਂ ਕੁਝ ਖਾਸ ਅਭਿਆਸਾਂ ਦੀ ਪ੍ਰਕਿਰਤੀ ਦੀ ਵਿਗਿਆਨਕ ਜਾਂਚ ਲਈ ਸਹਿਮਤ ਹੋ ਗਿਆ ਹਾਂ। ਇਹਨਾਂ ਵਿੱਚੋਂ ਪਹਿਲੀ ਜਾਂਚ ਡਾ. ਹਰਬਰਟ ਬੈਨਸਨ ਦੁਆਰਾ ਕੀਤੀ ਗਈ ਸੀ, ਜੋ ਹੁਣ ਅਮਰੀਕਾ ਦੇ ਹਾਰਵਰਡ ਮੈਡੀਕਲ ਸਕੂਲ ਵਿੱਚ ਬਿਹੇਵਿਅਰਲ ਮੇਡੀਸਨ-- (ਵਿਵਹਾਰਕ ਦਵਾਈ) ਵਿਭਾਗ ਦੇ ਮੁਖੀ ਹਨ। ਜਦੋਂ ਅਸੀਂ 1979 ਦੀ ਆਪਣੀ ਫੇਰੀ ਦੌਰਾਨ ਮਿਲੇ ਸੀ ਤਾਂ ਉਸਨੇ ਸਮਝਾਇਆ ਕਿ ਉਹ ਇੱਕ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰ ਰਿਹਾ ਸੀ ਜਿਸਨੂੰ ਰਿਲੇਕਸੇਸ਼ਨ ਰਿਸਪੋਂਸ- (ਆਰਾਮ ਪ੍ਰਤੀਕਿਰਿਆ) ਕਿਹਾ ਜਾਂਦਾ ਹੈ, ਇੱਕ ਸਰੀਰਕ ਕਾਰਜ ਜੋ ਉਦੋਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਧਿਆਨ ਦੀ ਅਵਸਥਾ ਵਿੱਚ ਦਾਖਲ ਹੁੰਦਾ ਹੈ। ਉਸਨੇ ਮਹਿਸੂਸ ਕੀਤਾ ਕਿ ਜੇਕਰ ਉਹ ਉੱਨਤ ਧਿਆਨ ਕਰਨ ਵਾਲਿਆਂ 'ਤੇ ਪ੍ਰਯੋਗ ਕਰ ਸਕਦਾ ਹੈ ਤਾਂ ਉਸਨੂੰ ਪ੍ਰਕਿਰਿਆ ਦੀ ਬਿਹਤਰ ਸਮਝ ਪ੍ਰਾਪਤ ਹੋਵੇਗੀ।

186 ਅਜ਼ਾਦ ਸ਼ਰਨਾਰਥੀ

ਆਧੁਨਿਕ ਵਿਗਿਆਨ ਦੀ ਮਹੱਤਤਾ ਵਿੱਚ ਵਿਸ਼ਵਾਸੀ ਹੋਣ ਦੇ ਨਾਤੇ, ਮੈਂ ਉਸਨੂੰ ਪ੍ਰਯੋਗ ਕਰਨ ਦੀ ਪੇਸ਼ਕਸ਼ ਕੀਤੀ, ਹਾਲਾਂਕਿ ਮੈਂ ਥੋੜ੍ਹਾ ਝਿਜਕ ਰਿਹਾ ਸੀ। ਕੁਝ ਤਿੱਬਤੀ ਇਸ ਤੋਂ ਪਰੇਸ਼ਾਨ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਅਜਿਹੇ ਅਭਿਆਸਾਂ ਨੂੰ ਗੁਪਤ ਰੱਖਿਆ ਜਾਣਾ ਚਾਹੀਦਾ ਹੈ ਕਿਉਂਕਿ ਉਹ ਗੁਪਤ ਵਿਚਾਰਧਾਰਾਵਾਂ ਤੋਂ ਉਤਪੰਨ ਹੋਏ ਹਨ। ਇਸ ਨੂੰ ਰੱਦ ਕਰਦੇ ਹੋਏ, ਮੈਂ ਸੁਝਾਅ ਦਿੱਤਾ ਕਿ ਇਹ ਜਾਂਚਾਂ ਨਾ ਸਿਰਫ਼ ਵਿਗਿਆਨ ਨੂੰ ਸਗੋਂ ਧਿਆਨ ਕਰਨ ਵਾਲਿਆਂ ਨੂੰ ਵੀ, ਅਤੇ ਇਸ ਤਰ੍ਹਾਂ ਸਾਰੀ ਮਨੁੱਖਤਾ ਨੂੰ ਲਾਭ ਪਹੁੰਚਾ ਸਕਦੀਆਂ ਹਨ।

ਇਸ ਪ੍ਰਯੋਗ ਵਿੱਚ, ਡਾ. ਬੈਨਸਨ ਸੰਤੁਸ਼ਟ ਸਨ ਕਿ ਉਨ੍ਹਾਂ ਨੇ ਕੁਝ ਕਮਾਲ ਦੀ ਚੀਜ਼ ਲੱਭੀ ਹੈ (ਉਨ੍ਹਾਂ ਦੀਆਂ ਖੋਜਾਂ ਬਾਅਦ ਵਿੱਚ 'ਕੁਦਰਤ' ਸਮੇਤ ਕਈ ਕਿਤਾਬਾਂ ਅਤੇ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋਈਆਂ)। ਉਹ ਆਪਣੇ ਨਾਲ ਦੋ ਸਹਾਇਕ ਅਤੇ ਕਈ

ਸੂਝਵਾਨ ਯੰਤਰ ਭਾਰਤ ਲਿਆਏ ਅਤੇ ਧਰਮਸ਼ਾਲਾ ਦੇ ਨੇੜੇ ਭਿਕਸ਼ੂਆਂ ਦੇ ਨਿਵਾਸ 'ਤੇ ਉੱਤਰ, ਲੱਦਾਖ ਅਤੇ ਸਿੱਕਮ ਵਿੱਚ ਕਈ ਭਿਕਸ਼ੂਆਂ 'ਤੇ ਪ੍ਰਯੋਗ ਕੀਤੇ। 1-relaxation-response - Dr. herbert benson

2- timeless-healing - Dr. herbert benson

ਭਿਕਸ਼ੂ ਤੁਮ-ਮੋ ਤੇ ਪ੍ਰਯੋਗ ਕੀਤੇ ਗਏ, ਜੋ ਯੋਗ ਦੇ ਅਭਿਆਸੀ ਸਨ, ਉਹਨਾਂ ਨੂੰ ਤਾਂਤਰਿਕ ਵਿਸ਼ਿਆਂ ਵਿੱਚ ਮੁਹਾਰਤ ਦਾ ਪ੍ਰਦਰਸ਼ਨ ਕਰਨ ਲਈ ਚੁਣਿਆ ਗਿਆ ਸੀ। ਚੱਕਰਾਂ (ਊਰਜਾ ਕੇਂਦਰਾਂ) ਅਤੇ ਨਾੜੀਆਂ (ਊਰਜਾ ਚੈਨਲਾਂ) 'ਤੇ ਅਭਿਆਸ ਕਰਕੇ, ਅਭਿਆਸੀ ਚੇਤਨਾ ਦੇ ਸਥੂਲ ਪੱਧਰਾਂ ਦੀਆਂ ਗਤੀਵਿਧੀਆਂ ਨੂੰ ਨਿਯੰਤਰਿਤ ਅਤੇ ਅਸਥਾਈ ਤੌਰ 'ਤੇ ਰੋਕ ਲਾ ਸਕਦਾ ਹੈ ਅਤੇ ਇਸ ਤਰ੍ਹਾਂ ਸੂਖਮ ਪੱਧਰਾਂ ਦਾ ਅਨੁਭਵ ਕਰ ਸਕਦਾ ਹੈ। ਬੋਧੀ ਵਿਚਾਰ ਅਨੁਸਾਰ, ਚੇਤਨਾ ਦੇ ਕਈ ਪੱਧਰ ਹਨ। ਸਥੂਲ ਧਾਰਨਾ, ਛੋਹ, ਦ੍ਰਿਸ਼ਟੀ ਅਤੇ ਗੰਧ ਆਦਿ ਨਾਲ ਸਬੰਧਤ ਹੈ, ਜਦੋਂ ਕਿ ਸੂਖਮ ਪੱਧਰਾਂ ਨੂੰ ਮੌਤ ਦੇ ਸਮੇਂ ਮਹਿਸੂਸ ਕੀਤਾ ਜਾ ਸਕਦਾ ਹੈ। 'ਤੰਤਰ' ਦੇ ਉਦੇਸ਼ਾਂ ਵਿੱਚੋਂ ਇੱਕ ਅਭਿਆਸੀ ਨੂੰ ਮੌਤ ਦਾ 'ਅਨੁਭਵ' ਕਰਵਾਉਣਾ ਹੈ ਕਿਉਂਕਿ ਕੇਵਲ ਤਦ ਹੀ ਇੱਕ ਬਹੁਤ ਸ਼ਕਤੀਸ਼ਾਲੀ ਅਧਿਆਤਮਿਕ ਧਾਰਨਾ ਹੋ ਸਕਦੀ ਹੈ।

ਜਦੋਂ ਚੇਤਨਾ ਦੇ ਸਥੂਲ ਪੱਧਰਾਂ ਦਾ ਦਮਨ ਕੀਤਾ ਜਾਂਦਾ ਹੈ, ਤਾਂ ਭੌਤਿਕ ਪ੍ਰਕਿਰਿਆਵਾਂ ਨੂੰ ਦੇਖਿਆ ਜਾ ਸਕਦਾ ਹੈ। ਡਾ. ਬੈਨਸਨ ਦੇ ਪ੍ਰਯੋਗਾਂ ਵਿੱਚ ਸਰੀਰ ਦੇ ਤਾਪਮਾਨ (ਗੁਦਾ ਅਤੇ ਬਾਹਰੀ ਚਮੜੀ ਦੇ ਥਰਮਾਮੀਟਰਾਂ ਨਾਲ ਅੰਦਰੂਨੀ ਤੌਰ 'ਤੇ ਮਾਪਿਆ ਗਿਆ) ਨੂੰ 18 ਡਿਗਰੀ ਫਾਰਨਹੀਟ (10 ਡਿਗਰੀ ਸੈਲਸੀਅਸ) ਤੱਕ ਵਧਾਉਣਾ ਸ਼ਾਮਲ ਸੀ। ਭਾਵੇਂ ਬਾਹਰੀ ਤਾਪਮਾਨ ਠੰਢ ਤੋਂ ਬਹੁਤ ਹੇਠਾਂ ਸੀ, ਠੰਡੇ ਪਾਣੀ ਵਿੱਚ ਭਿੱਜੇ ਹੋਏ ਭਿਕਸ਼ੂਆਂ ਦੇ ਦੁਆਲੇ ਲਪੇਟੀਆਂ ਚਾਦਰਾਂ ਉਨ੍ਹਾਂ ਦੇ ਤਾਪਮਾਨ ਵਧਣ ਨਾਲ ਸੁੱਕ ਗਈਆਂ। ਡਾ. ਬੈਨਸਨ ਪ੍ਰਯੋਗ ਦੇ ਗਵਾਹ ਸਨ, ਅਤੇ ਉਸਨੇ ਇਸਨੂੰ ਬਰਫ਼ 'ਤੇ ਨੰਗੇ ਬੈਠੇ ਭਿਕਸ਼ੂਆਂ ਨਾਲ ਵੀ ਅਜ਼ਮਾਇਆ। ਉਸਨੇ ਪਾਇਆ ਕਿ ਭਿਕਸ਼ੂ ਸਰੀਰ ਦੇ ਤਾਪਮਾਨ ਵਿੱਚ ਗਿਰਾਵਟ ਤੋਂ ਬਿਨਾਂ ਸਾਰੀ ਰਾਤ ਸ਼ਾਂਤ ਬੈਠ ਸਕਦੇ ਸਨ। ਉਸਨੇ ਇਹਨਾਂ ਪ੍ਰਯੋਗਾਂ ਦੌਰਾਨ ਇਹ ਵੀ ਦੇਖਿਆ ਕਿ ਭਿਕਸ਼ੂਆਂ ਦੇ ਸਾਹ ਲੈਣ ਵਿੱਚ ਪ੍ਰਤੀ ਮਿੰਟ ਸੱਤ ਸਾਹ ਘੱਟ ਗਏ।

ਮਨੁੱਖੀ ਸਰੀਰ ਅਤੇ ਇਸਦੇ ਕੰਮਕਾਜ ਬਾਰੇ ਸਾਡਾ ਗਿਆਨ ਇਹ ਦੱਸਣ ਲਈ ਕਾਫ਼ੀ ਨਹੀਂ ਹੈ ਕਿ ਕੀ ਹੋਇਆ ਹੋਵੇਗਾ। ਡਾ. ਬੈਨਸਨ ਦਾ ਮੰਨਣਾ ਹੈ ਕਿ ਇਸ ਵਿੱਚ ਸ਼ਾਮਲ ਕੁਝ ਮਾਨਸਿਕ ਪ੍ਰਕਿਰਿਆਵਾਂ ਅਭਿਆਸੀ ਨੂੰ ਆਪਣੇ ਸਰੀਰ ਵਿੱਚ ਸਟੋਰ ਕੀਤੀ ਚਰਬੀ ਨੂੰ ਖਰਚ ਕਰਨ ਦੇ ਯੋਗ ਬਣਾ ਸਕਦੀਆਂ ਹਨ - ਇੱਕ ਪ੍ਰਕਿਰਿਆ ਜੋ ਪਹਿਲਾਂ ਸਰਦੀਆਂ ਵਿੱਚ ਸੌਣ ਵਾਲੇ ਜਾਨਵਰਾਂ ਤੱਕ ਸੀਮਤ ਸਮਝੀ ਜਾਂਦੀ ਸੀ। ਜੋ ਵੀ ਹੋਵੇ, ਮੈਨੂੰ ਇਸ ਤੱਥ ਵਿੱਚ ਦਿਲਚਸਪੀ ਹੈ ਕਿ ਕੁਝ ਚੀਜ਼ਾਂ ਹਨ ਜੋ ਆਧੁਨਿਕ ਵਿਗਿਆਨ ਸਾਡੇ ਤਿੱਬਤੀਆਂ ਤੋਂ ਸਿੱਖ ਸਕਦਾ ਹੈ।

ਜਾਦੂ ਜਾਂ ਰਹੱਸ 187

ਮੈਂ ਹੋਰ ਕੀ ਪ੍ਰਸ਼ੰਸਾ ਕਰ ਸਕਦਾ ਹਾਂ, ਕਿਉਂਕਿ ਮੇਰਾ ਮੰਨਣਾ ਹੈ ਕਿ ਸਾਡੇ ਅਨੁਭਵ ਦੇ ਬਹੁਤ ਸਾਰੇ ਹੋਰ ਖੇਤਰ ਹਨ ਜਿਨ੍ਹਾਂ ਦੀ ਜਾਂਚ ਲਾਭ ਲਈ ਕੀਤੀ ਜਾ ਸਕਦੀ ਹੈ। ਉਦਾਹਰਣ ਵਜੋਂ, ਮੈਨੂੰ ਉਮੀਦ ਹੈ ਕਿ ਕਿਸੇ ਦਿਨ ਭਵਿੱਖ -ਵਰਕਤਾਵਾਂ 'ਤੇ ਵੀ ਖੋਜ ਕੀਤੀ ਜਾਵੇਗੀ, ਜੋ ਕਿ ਸਾਡੇ ਤਿੱਬਤੀ ਜੀਵਨ ਢੰਗ ਦਾ ਇੱਕ ਮਹੱਤਵਪੂਰਨ ਹਿੱਸਾ ਬਣਿਆ ਹੋਇਆ ਹੈ।

ਪਰ ਭਵਿੱਖ -ਵਰਕਤਾਵਾਂ ਬਾਰੇ ਵੇਰਵਿਆਂ ਵਿੱਚ ਜਾਣ ਤੋਂ ਪਹਿਲਾਂ ਮੈਂ ਇਸ ਗੱਲ 'ਤੇ ਜ਼ੋਰ ਦੇਣਾ ਚਾਹਾਂਗਾ ਕਿ ਉਨ੍ਹਾਂ ਦਾ ਉਦੇਸ਼, ਜਿਵੇਂ ਕਿ ਆਮ ਤੌਰ 'ਤੇ ਮੰਨਿਆ ਜਾਂਦਾ ਹੈ, ਸਿਰਫ਼ ਭਵਿੱਖ ਦੀ ਭਵਿੱਖਬਾਣੀ ਕਰਨਾ ਨਹੀਂ ਹੈ। ਇਹ ਉਨ੍ਹਾਂ ਦੇ ਕੰਮ ਦਾ ਸਿਰਫ਼ ਇੱਕ ਹਿੱਸਾ ਹੈ। ਇਸ ਤੋਂ ਇਲਾਵਾ ਉਹ ਰੱਖਿਅਕਾਂ ਵਜੋਂ ਵੀ ਕੰਮ ਕਰਦੇ ਹਨ ਅਤੇ ਕੁਝ ਮਾਮਲਿਆਂ ਵਿੱਚ ਇਲਾਜ ਕਰਨ ਵਾਲੇ ਵਜੋਂ ਵੀ। ਪਰ ਉਨ੍ਹਾਂ ਦਾ ਮੁੱਖ ਕੰਮ ਧਰਮ ਦੇ ਅਭਿਆਸ ਵਿੱਚ ਲੋਕਾਂ ਦੀ ਸਹਾਇਤਾ ਕਰਨਾ ਹੈ। ਇੱਕ ਗੱਲ ਯਾਦ ਰੱਖਣ ਵਾਲੀ ਹੈ ਕਿ "ਜਾਦੂਗਰ" ਸ਼ਬਦ ਆਪਣੇ ਆਪ ਵਿੱਚ ਗੁੰਮਰਾਹਕੁੰਨ ਹੈ। ਇਸਦਾ ਅਰਥ ਹੈ ਕਿ ਇਹਨਾਂ ਲੋਕਾਂ ਕੋਲ ਭਵਿੱਖਬਾਣੀ ਕਰਨ ਦੀ ਸ਼ਕਤੀ ਹੈ, ਪਰ ਇਹ ਸੱਚ ਨਹੀਂ ਹੈ। ਤਿੱਬਤੀ ਪਰੰਪਰਾ ਵਿੱਚ, ਕੁਝ ਪੁਰਸ਼ ਅਤੇ ਔਰਤਾਂ ਹਨ ਜੋ ਭੌਤਿਕ ਅਤੇ ਅਲੌਕਿਕ ਵਿਚਕਾਰ ਵਿਚੋਲੇ ਵਜੋਂ ਕੰਮ ਕਰਦੇ ਹਨ। ਉਨ੍ਹਾਂ ਨੂੰ "ਕੁਟੇਨ" ਕਿਹਾ ਜਾਂਦਾ ਹੈ, ਜਿਸਦਾ ਅਰਥ ਹੈ "ਭੌਤਿਕ ਆਧਾਰ "। ਮੈਂ ਇਹ ਵੀ ਦੱਸਣਾ ਚਾਹਾਂਗਾ ਕਿ

ਜਾਦੂਗਰਾਂ ਬਾਰੇ ਇਸ ਤਰ੍ਹਾਂ ਗੱਲ ਕੀਤੀ ਜਾਂਦੀ ਹੈ ਜਿਵੇਂ ਉਹ ਆਮ ਆਦਮੀ ਹੀ ਹੋਣ। ਉਨ੍ਹਾਂ ਨੂੰ ਵਧੇਰੇ ਸਹੀ ਢੰਗ ਨਾਲ "ਆਤਮਾਵਾਂ" ਵਜੋਂ ਦਰਸਾਇਆ ਜਾਵੇਗਾ ਜੋ ਕਿਸੇ ਖਾਸ ਚੀਜ਼, ਵਿਅਕਤੀ ਜਾਂ ਸਥਾਨ (ਉਦਾਹਰਣ ਵਜੋਂ, ਇੱਕ ਮੂਰਤੀ) ਨਾਲ ਜੁੜੇ ਹੋਏ ਹਨ। ਪਰ ਇਸਦਾ ਮਤਲਬ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਉਨ੍ਹਾਂ ਦਾ ਇੱਕ ਬਾਹਰੀ, ਸੁਤੰਤਰ ਹੋਂਦ ਹੈ।

ਪ੍ਰਾਚੀਨ ਸਮੇਂ ਵਿੱਚ, ਪੂਰੇ ਤਿੱਬਤ ਵਿੱਚ ਬਹੁਤ ਸਾਰੇ ਭਵਿੱਖ -ਵਰਕਤਾ ਰਹੇ ਹੋਣਗੇ, ਕਈ ਹਜ਼ਾਰਾਂ ਜ਼ਰੂਰ ਹੋਣਗੇ। ਹੁਣ ਬਹੁਤ ਘੱਟ ਬਚੇ ਹਨ। ਪਰ ਸਭ ਤੋਂ ਮਹੱਤਵਪੂਰਨ ਅਜੇ ਵੀ ਤਿੱਬਤੀ ਸਰਕਾਰ ਦੁਆਰਾ ਵਰਤੇ ਜਾਂਦੇ ਹਨ। ਉਹਨਾਂ ਦੇ ਮੁੱਖ ਨੂੰ ਨੇਚੁੰਗ ਓਝਾ ਕਿਹਾ ਜਾਂਦਾ ਹੈ। ਉਸਦੇ ਰਾਹੀਂ, ਦਲਾਈ ਲਾਮਾ ਦੇ ਰੱਖਿਅਕ ਦੇਵਤਿਆਂ ਵਿੱਚੋਂ ਇੱਕ, ਦੋਰਜੇ ਡ੍ਰਾਕਡੇਨ ਪ੍ਰਗਟ ਹੁੰਦਾ ਹੈ।

ਨੇਚੁੰਗ ਅਸਲ ਵਿੱਚ ਭਾਰਤੀ ਰਿਸ਼ੀ ਧਰਮਪਾਲ ਦੇ ਵੰਸ਼ਜ ਨਾਲ ਤਿੱਬਤ ਆਇਆ ਸੀ ਅਤੇ ਮੱਧ ਏਸ਼ੀਆ ਦੇ ਬਾਟਾ ਹੋਰ ਵਿੱਚ ਵਸ ਗਿਆ ਸੀ। ਅੱਠਵੀਂ ਸਦੀ ਵਿੱਚ, ਰਾਜਾ ਤ੍ਰਿਸੋਂਗ ਡੇਟਸੇਨ ਦੇ ਅਧੀਨ, ਭਾਰਤੀ ਤਾਂਤਰਿਕ ਗੁਰੂ ਅਤੇ ਤਿੱਬਤ ਦੇ ਸਰਵਉੱਚ ਅਧਿਆਤਮਿਕ ਸਰਪ੍ਰਸਤ, ਪਦਮਸੰਭਵ ਨੇ ਉਸਨੂੰ ਸਾਮਯ ਮੱਠ ਦਾ ਰੱਖਿਅਕ ਨਿਯੁਕਤ ਕੀਤਾ। (ਸਾਮਯ ਅਸਲ ਵਿੱਚ ਤਿੱਬਤ ਵਿੱਚ ਬਣਾਇਆ ਗਿਆ ਪਹਿਲਾ ਬੋਧੀ ਮੱਠ ਸੀ ਅਤੇ ਇਸਦੀ ਸਥਾਪਨਾ ਇੱਕ ਹੋਰ ਭਾਰਤੀ ਵਿਦਵਾਨ, ਸੰਤ ਸ਼ਾਂਤੀਰਕਸ਼ਿਤ ਦੁਆਰਾ ਕੀਤੀ ਗਈ ਸੀ।) ਅੰਤ ਵਿੱਚ ਦੂਜੇ ਦਲਾਈ ਲਾਮਾ ਨੇ ਨੇਚੁੰਗ ਨਾਲ ਨਜ਼ਦੀਕੀ ਸਬੰਧ ਵਿਕਸਤ ਕੀਤੇ, ਜੋ ਹੁਣ ਤੱਕ ਟ੍ਰੇਪੁੰਗ ਮੱਠ ਨਾਲ ਜੁੜ ਗਿਆ ਸੀ, ਅਤੇ ਦੋਰਜੇ ਡ੍ਰਾਕਡੇਨ ਨੂੰ ਉਦੋਂ ਤੋਂ ਹੀ ਲਗਾਤਾਰ ਦਲਾਈ ਲਾਮਾ ਦਾ ਨਿੱਜੀ ਰੱਖਿਅਕ ਨਿਯੁਕਤ ਕੀਤਾ ਗਿਆ ਹੈ।

ਦਲਾਈ ਲਾਮਾ ਅਤੇ ਸਰਕਾਰ ਵਿਚਕਾਰ ਸੈਂਕੜੇ ਸਾਲਾਂ ਤੋਂ ਨਵੇਂ ਸਾਲ ਦੇ ਤਿਉਹਾਰਾਂ ਦੌਰਾਨ ਨੇਚੁੰਗ ਓਝਾ ਨਾਲ ਸਲਾਹ-ਮਸ਼ਵਰਾ ਕਰਨ ਦਾ ਰਿਵਾਜ ਰਿਹਾ ਹੈ। ਉਸਨੂੰ ਹੋਰ ਮੌਕਿਆਂ 'ਤੇ ਵੀ ਬੁਲਾਇਆ ਜਾ ਸਕਦਾ ਹੈ ਜਦੋਂ ਖਾਸ ਸਲਾਹ ਦੀ ਲੋੜ ਹੁੰਦੀ ਹੈ। ਇਹ ਵੀਹਵੀਂ ਸਦੀ ਦੇ ਪਾਠਕਾਂ ਨੂੰ ਬਹੁਤ ਦੂਰ ਦੀ ਗੱਲ ਲੱਗ ਸਕਦੀ ਹੈ। ਇੱਥੋਂ ਤੱਕ

ਕਿ ਕੁਝ ਤਿੱਬਤੀ ਜੋ ਆਪਣੇ ਆਪ ਨੂੰ 'ਪ੍ਰਗਤੀਸ਼ੀਲ' ਸਮਝਦੇ ਹਨ, ਓਹ ਵੀ ਮੇਰੇ ਜੋਤਸ਼ੀ ਤੋਂ ਸਲਾਹ

188 ਅਜ਼ਾਦ ਸ਼ਰਨਾਰਥੀ

ਲੈਣ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ। ਪਰ ਮੈਂ ਅਜਿਹਾ ਇਸ ਲਈ ਕਰਦਾ ਹਾਂ ਕਿਉਂਕਿ ਮੈਂ ਪਹਿਲਾਂ ਵੀ ਉਸਨੂੰ ਕਈ ਵਾਰ ਸਵਾਲ ਕੀਤੇ ਹਨ ਅਤੇ ਹਰ ਵਾਰ ਉਸਦੇ ਜਵਾਬ ਸਹੀ ਪਾਏ ਹਨ। ਇਸਦਾ ਮਤਲਬ ਇਹ ਨਹੀਂ ਹੈ ਕਿ ਮੈਂ ਸਿਰਫ਼ ਉਸਦੀ ਸਲਾਹ 'ਤੇ ਭਰੋਸਾ ਕਰਦਾ ਹਾਂ। ਅਜਿਹਾ ਨਹੀਂ ਹੈ। ਮੈਂ ਉਸਦੀ ਸਲਾਹ ਉਸੇ ਤਰ੍ਹਾਂ ਲੈਂਦਾ ਹਾਂ ਜਿਵੇਂ ਮੈਂ ਕਾਸ਼ਾਗ ਜਾਂ ਆਪਣੀ ਅੰਤਰ-ਆਤਮਾ ਦੀ ਸਲਾਹ ਲੈਂਦਾ ਹਾਂ। ਮੈਂ ਦੇਵਤਿਆਂ ਨੂੰ ਆਪਣਾ 'ਉੱਪਰਲਾ ਸਦਨ ' ਮੰਨਦਾ ਹਾਂ। ਕਾਸ਼ਾਗ ਮੇਰਾ ਹੇਠਲਾ ਘਰ ਹੈ। ਮੈਂ ਰਾਜ ਦੇ ਮਾਮਲਿਆਂ ਬਾਰੇ ਫੈਸਲੇ ਲੈਣ ਤੋਂ ਪਹਿਲਾਂ ਕਿਸੇ ਵੀ ਹੋਰ ਨੇਤਾ ਵਾਂਗ ਦੋਵਾਂ ਸਦਨਾਂ ਨਾਲ ਸਲਾਹ-ਮਸ਼ਵਰਾ ਕਰਦਾ ਹਾਂ। ਅਤੇ ਕਈ ਵਾਰ ਮੈਂ ਨੇਚੁੰਗ ਦੀ ਸਲਾਹ ਦੇ ਨਾਲ ਕੁਝ ਭਵਿੱਖਬਾਣੀਆਂ ਨੂੰ ਵੀ ਧਿਆਨ ਵਿੱਚ ਰੱਖਦਾ ਹਾਂ।

ਹਾਲਾਂਕਿ ਦੋਵੇਂ ਵੱਖ-ਵੱਖ ਤਰੀਕਿਆਂ ਨਾਲ ਕੰਮ ਕਰਦੇ ਹਨ, ਇੱਕ ਤਰ੍ਹਾਂ ਨਾਲ ਨੇਚੁੰਗ ਅਤੇ ਦਲਾਈ ਲਾਮਾ ਦੀ ਤਿੱਬਤ ਲਈ ਬਰਾਬਰ ਜ਼ਿੰਮੇਵਾਰੀ ਹੈ। ਮੇਰੀ ਅਗਵਾਈ ਸ਼ਾਂਤੀਪੂਰਨ ਹੈ। ਰੱਖਿਅਕ ਅਤੇ ਸਰਪ੍ਰਸਤ ਵਜੋਂ ਉਸਦੀ ਸਮਰੱਥਾ ਗੁੱਸੇ ਵਾਲੀ ਹੈ। ਪਰ ਸਾਡੇ ਸਮਾਨ ਕਾਰਜਾਂ ਦੇ ਬਾਵਜੂਦ, ਉਸਦਾ ਮੇਰਾ ਉਸ ਨਾਲ ਰਿਸ਼ਤਾ ਕਮਾਂਡਰ ਅਤੇ ਲੈਫਟੀਨੈਂਟ ਵਰਗਾ ਹੈ। ਮੈਂ ਕਦੇ ਵੀ ਉਸਦੇ ਅੱਗੇ ਝੁਕਦਾ ਨਹੀਂ ਹਾਂ। ਨੇਚੁੰਗ ਦਲਾਈ ਲਾਮਾ ਅੱਗੇ ਝੁਕਦਾ ਹੈ। ਫਿਰ ਵੀ ਅਸੀਂ ਬਹੁਤ ਨੇੜੇ ਹਾਂ, ਦੋਸਤਾਂ ਵਾਂਗ। ਜਦੋਂ ਮੈਂ ਛੋਟਾ ਸੀ ਤਾਂ ਇਹ ਬਹੁਤ ਹੀ ਦਿਲ ਨੂੰ ਛੂਹਣ ਵਾਲਾ ਹੁੰਦਾ ਸੀ। ਨੇਚੁੰਗ ਮੈਨੂੰ ਬਹੁਤ ਪਿਆਰ ਕਰਦਾ ਸੀ ਅਤੇ ਮੇਰੀ ਦੇਖਭਾਲ ਕਰਦਾ ਸੀ। ਉਦਾਹਰਣ ਵਜੋਂ, ਜੇ ਉਹ ਦੇਖਦਾ ਕਿ ਮੈਂ ਬੇਧਿਆਨੀ ਜਾਂ 'ਲਾਪਰਵਾਹੀ ਨਾਲ' ਕੱਪੜੇ ਪਾਏ ਹੋਏ ਹਾਂ ਤਾਂ ਉਹ ਆ ਕੇ ਮੇਰੀ ਕਮੀਜ਼, ਚੋਗਾ, ਆਦਿ ਨੂੰ ਸਿੱਧਾ ਕਰਦਾ ਸੀ।

ਪਰ ਇੰਨੀ ਲਾਡ-ਪਿਆਰ ਦੇ ਬਾਵਜੂਦ ਨੇਚੰਗ ਹਮੇਸ਼ਾ ਮੇਰਾ ਸਤਿਕਾਰ ਕਰਦਾ ਸੀ।
ਜਦੋਂ ਵੀ ਸਰਕਾਰ ਨਾਲ ਉਸਦੇ ਸਬੰਧ ਵਿਗੜਦੇ ਸਨ, ਜਿਵੇਂ ਕਿ ਰੀਜੈਂਟ ਦੇ ਕਾਰਜਕਾਲ

ਦੇ ਆਖਰੀ ਕੁਝ ਸਾਲਾਂ ਦੌਰਾਨ ਸਨ, ਉਹ ਮੇਰੇ ਬਾਰੇ ਪੁੱਛੇ ਜਾਣ 'ਤੇ ਅਜੇ ਵੀ ਉਤਸ਼ਾਹ ਨਾਲ ਅਟੱਲ ਜਵਾਬ ਦਿੰਦਾ । ਨਾਲ ਹੀ, ਉਹ ਸਰਕਾਰੀ ਨੀਤੀ ਬਾਰੇ ਸਵਾਲਾਂ ਦੇ ਪਰੇਸ਼ਾਨ ਕਰਨ ਵਾਲੇ ਜਵਾਬ ਦੇ ਸਕਦਾ ਹੈ । ਕਈ ਵਾਰ ਉਹ ਵਿਅੰਗਾਤਮਕ ਹਾਸਾ ਹੱਸ ਦਿੰਦਾ । ਮੈਨੂੰ ਇੱਕ ਘਟਨਾ ਯਾਦ ਹੈ ਜੋ ਮੈਂ ਚੌਦਾਂ ਸਾਲਾਂ ਦੀ ਸੀ। ਨੇਚੰਗ ਨੂੰ ਚੀਨ ਬਾਰੇ ਇੱਕ ਸਵਾਲ ਪੁੱਛਿਆ ਗਿਆ ਸੀ। ਸਿੱਧਾ ਜਵਾਬ ਦੇਣ ਦੀ ਬਜਾਏ, ਕੁਟੇਨ ਪੂਰਬ ਵੱਲ ਮੁੜਿਆ ਅਤੇ ਤੇਜ਼ੀ ਨਾਲ ਅੱਗੇ ਝੁਕਣ ਲੱਗਾ। ਉਸਨੂੰ ਦੇਖ ਕੇ ਡਰ ਲੱਗਦਾ ਸੀ ਕਿਉਂਕਿ ਉਸਦੇ ਸਿਰ 'ਤੇ ਭਾਰੀ ਤਾਜ ਸੀ ਅਤੇ ਉਸਦੀ ਤੇਜ਼ੀ ਨਾਲ ਚਲਦੀ ਗਰਦਨ ਉਸਦੀ ਗਰਦਨ ਤੋੜ ਸਕਦੀ ਸੀ। ਉਸਨੇ ਇਹ ਪੰਦਰਾਂ ਵਾਰ ਕੀਤਾ ਹੋਵੇਗਾ ਅਤੇ ਕਿਸੇ ਨੂੰ ਸ਼ੱਕ ਨਹੀਂ ਸੀ ਕਿ ਖ਼ਤਰਾ ਕਿੱਥੇ ਹੈ।

ਨੇਚੰਗ ਨਾਲ ਨਜਿੱਠਣਾ ਆਸਾਨ ਨਹੀਂ ਹੈ। ਆਪਣਾ ਮੂੰਹ ਖੋਲ੍ਹਣ ਤੋਂ ਪਹਿਲਾਂ ਬਹੁਤ ਸਮਾਂ ਅਤੇ ਸਬਰ ਲੱਗਦਾ ਹੈ। ਉਹ ਬਹੁਤ ਘੱਟ ਅਤੇ ਸਖ਼ਤੀ ਨਾਲ ਬੋਲਦਾ ਹੈ, ਜਿਵੇਂ ਕਿ ਸਾਡੇ ਦਾਦਾ-ਦਾਦੀਆਂ ਦੇ ਪੁਰਾਣੇ ਦਿਨਾਂ ਵਿੱਚ। ਉੱਥੇ ਛੋਟੀਆਂ ਗੱਲਾਂ ਲਈ ਕੋਈ ਥਾਂ ਨਹੀਂ ਹੈ। ਤੁਸੀਂ ਸਿਰਫ਼ ਵੱਡੇ ਮਾਮਲਿਆਂ 'ਤੇ ਹੀ ਸਵਾਲ ਪੁੱਛਦੇ ਹੋ ਅਤੇ ਸਹੀ ਢੰਗ ਨਾਲ ਪੁੱਛਦੇ ਹੋ। ਉਸਨੂੰ ਕੁਝ ਚੀਜ਼ਾਂ ਪਸੰਦ ਜਾਂ ਨਾਪਸੰਦ ਵੀ ਹਨ। ਪਰ ਉਹ ਉਨ੍ਹਾਂ ਨੂੰ ਆਸਾਨੀ ਨਾਲ ਨਹੀਂ ਦੱਸਦਾ।

ਨੇਚੁੰਗ ਦਾ ਧਰਮਸ਼ਾਲਾ ਵਿੱਚ ਆਪਣਾ ਮੱਠ ਹੈ। ਪਰ ਉਹ ਅਕਸਰ ਮੇਰੇ ਕੋਲ ਆਉਂਦਾ ਹੈ। ਰਸਮੀ ਮੌਕਿਆਂ 'ਤੇ ਉਹ ਭਾਰੀ ਪਹਿਰਾਵਾ ਪਹਿਨਦਾ ਹੈ। ਸੁਨਹਿਰੀ ਰੇਸ਼ਮ ਦੇ ਸਜਾਵਟੀ ਕੱਪੜੇ, ਬਹੁਤ ਸਾਰੀਆਂ ਤਹਿਆਂ ਅਤੇ ਲਾਲ, ਨੀਲਾ,ਹਰਾ ਅਤੇ ਪੀਲੈ ਰੰਗ ਦੇ ,ਪੁਰਾਣੇ ਡਿਜ਼ਾਈਨਾਂ ਨਾਲ ਢੱਕੇ ਹੋਏ।

ਜਾਦੂ ਜਾਂ ਰਹੱਸ 189

ਉਹ ਆਪਣੀ ਛਾਤੀ 'ਤੇ ਇੱਕ ਗੋਲ ਸ਼ੀਸ਼ਾ ਪਹਿਨਦਾ ਹੈ, ਜਿਸ 'ਤੇ ਅਤੇ ਨੀਲਮ ਪੱਥਰ ਜੜੇ ਹੁੰਦੇ ਹਨ, ਅਤੇ ਦੋਰਜੇ ਡ੍ਰੈਕਡੇਨ ਦੇ ਮੰਤਰ ਸ਼ੀਸ਼ੇ ਵਰਗੇ ਪਾਲਿਸ਼ ਕੀਤੇ ਸਟੀਲ 'ਤੇ ਉੱਕਰੇ ਹੋਏ ਹਨ। ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ, ਉਹ ਇੱਕ ਕਿਸਮ ਦਾ ਤਾਜ ਪਾਉਂਦਾ ਹੈ ਜਿਸ 'ਤੇ ਚਾਰ ਝੰਡੇ ਅਤੇ ਤਿੰਨ ਜਿੱਤ ਦੇ ਬੈਨਰ ਹਨ। ਕੁੱਲ

ਮਿਲਾ ਕੇ ਸਾਰਾ ਭਾਰ ਸੱਤਰ ਪੌਂਡ ਤੋਂ ਵੱਧ ਹੈ ਅਤੇ ਜੇਕਰ ਉਹ ਮੂਰਛਾ ਵਿੱਚ ਨਾ ਆਇਆ ਹੋਵੇ ਤਾਂ ਉਹ ਇਸ ਭਾਰ ਨਾਲ ਮੁਸ਼ਕਿਲ ਨਾਲ ਹੀ ਤੁਰ ਸਕੇ ।

ਸਮਾਰੋਹ ਸਿੰਗਾਂ, ਝਾਂਜਿਆਂ ਅਤੇ ਢੋਲ ਦੀ ਆਵਾਜ਼, ਅਤੇ ਪ੍ਰਾਰਥਨਾਵਾਂ ਅਤੇ ਸੱਦੇ ਨਾਲ ਸ਼ੁਰੂ ਹੁੰਦਾ ਹੈ। ਕੁਝ ਦੇਰ ਬਾਅਦ ਉਹ ਬੇਹੋਸ਼ੀ ਦੀ ਸਥਿਤੀ ਵਿੱਚ ਡਿੱਗ ਜਾਂਦਾ ਹੈ। ਉਹ, ਜਿਸਨੂੰ ਹੁਣ ਤੱਕ ਸਹਾਇਕ ਦੁਆਰਾ ਸਹਾਰਾ ਦਿੱਤਾ ਗਿਆ ਹੈ, ਹੁਣ ਮੇਰੇ ਤਖ਼ਤ ਦੇ ਸਾਹਮਣੇ ਇੱਕ ਛੋਟੇ ਜਿਹੇ ਸਟੂਲ 'ਤੇ ਬਿਠਾਇਆ ਜਾਂਦਾ ਹੈ। ਪ੍ਰਾਰਥਨਾ ਦੇ ਪਹਿਲੇ ਦੌਰ ਦੇ ਪੂਰੇ ਹੋਣ 'ਤੇ, ਦੂਜਾ ਸ਼ੁਰੂ ਹੁੰਦਾ ਹੈ ਅਤੇ ਬੇਹੋਸ਼ੀ ਦੀ ਸਥਿਤੀ ਡੂੰਘੀ ਹੋ ਜਾਂਦੀ ਹੈ। ਹੁਣ ਇਸ ਮੌਕੇ 'ਤੇ ਉਸਦੇ ਸਿਰ 'ਤੇ ਇੱਕ ਵੱਡਾ ਤਾਜ ਰੱਖਿਆ ਜਾਂਦਾ ਹੈ। ਇਸਦਾ ਭਾਰ ਲਗਭਗ ਤੀਹ ਪੌਂਡ ਹੈ। ਪੁਰਾਣੇ ਸਮੇਂ ਵਿੱਚ, ਇਸਦਾ ਭਾਰ ਅੱਸੀ ਪੌਂਡ ਤੋਂ ਵੱਧ ਹੁੰਦਾ ਸੀ।

ਹੁਣ ਕੁਟੇਨ ਦਾ ਚਿਹਰਾ ਬਦਲ ਜਾਂਦਾ ਹੈ ਅਤੇ ਉਹ ਫੁੱਲੀਆਂ ਹੋਈਆਂ ਗੱਲ੍ਹਾਂ ਅਤੇ ਫੁੱਲੀਆਂ ਅੱਖਾਂ ਨਾਲ ਬਹੁਤ ਅਜੀਬ ਦਿਖਾਈ ਦਿੰਦਾ ਹੈ। ਉਹ ਤੇਜ਼ ਸਾਹ ਲੈਣ ਅਤੇ ਉੱਚੀ-ਉੱਚੀ ਚੀਕਣ ਲੱਗ ਪੈਂਦਾ ਹੈ। ਫਿਰ, ਇੱਕ ਪਲ ਲਈ, ਉਹ ਸਾਹ ਲੈਣਾ ਬੰਦ ਕਰ ਦਿੰਦਾ ਹੈ। ਇਸ ਸਮੇਂ, ਤਾਜ ਨੂੰ ਇੰਨਾ ਕੱਸ ਕੇ ਬੰਨ੍ਹਿਆ ਜਾਂਦਾ ਹੈ ਕਿ ਜੇ ਉੱਥੇ ਸਚਮੁਚ ਹੀ ਕੁਝ ਵੀ ਅਸਲ ਵਿੱਚ ਨਾ ਹੋ ਰਿਹਾ ਹੋਵੇ, ਤਾਂ ਇਹ ਉਸਦਾ ਗਲ ਘੁੱਟ ਹੋ ਜਾਵੇ । ਹੁਣ ਸਾਰਾ ਸਾਜ ਬਾਜ ਪੂਰਾ ਹੋ ਜਾਂਦਾ ਹੈ ਅਤੇ ਉਸਦਾ ਨਾਸ਼ਵਾਨ ਸਰੀਰ ਫੈਲਦਾ ਸਾਫ਼ ਦਿਖਾਈ ਦੇ ਰਿਹਾ ਹੈ।

ਇਸ ਤੋਂ ਬਾਅਦ, ਉਹ ਅਚਾਨਕ ਅੱਗੇ ਵਧਦਾ ਹੈ, ਸਹਾਇਕ ਤੋਂ ਰਸਮੀ ਤਲਵਾਰ ਫੜ ਲੈਂਦਾ ਹੈ ਅਤੇ ਹੌਲੀ-ਹੌਲੀ, ਸ਼ਾਨਦਾਰ ਪਰ ਕੁਝ ਅਜੀਬ ਢੰਗ ਨਾਲ ਨੱਚਣਾ ਸ਼ੁਰੂ ਕਰ ਦਿੰਦਾ ਹੈ। ਫਿਰ ਉਹ ਮੇਰੇ ਸਾਹਮਣੇ ਆਉਂਦਾ ਹੈ ਅਤੇ ਜਾਂ ਤਾਂ ਦੰਡਵਤ ਹੁੰਦਾ ਹੈ ਜਾਂ ਖੜੇ ਖੜੇ ਇੰਨਾ ਝੁਕਦਾ ਹੈ ਕਿ ਤਾਜ ਜ਼ਮੀਨ ਨੂੰ ਛੂਹਣ ਲਗਦਾ ਹੈ। ਅਤੇ ਹਾਂ, ਇਸ ਸਮੇਂ ਉਸਨੂੰ ਆਪਣੇ ਤਾਜ ਦਾ ਭਾਰ ਬਿਲਕੁਲ ਵੀ ਮਹਿਸੂਸ ਨਹੀਂ ਹੁੰਦਾ। ਪਰ ਦੇਵਤੇ ਦੇ ਭਾਰ ਨੂੰ ਬਹੁਤ ਮੁਸ਼ਕਲ ਨਾਲ ਸੰਭਾਲ ਰਿਹਾ ਹੈ ਅਤੇ ਉਹ ਇੱਕ ਰਬੜ ਦੇ ਗੁੱਡੇ ਵਾਂਗ ਹਿੱਲਦਾ ਹੈ। ਉਸਦੇ ਇਸ਼ਾਰੇ ਇਸ ਤਰ੍ਹਾਂ ਹਨ ਜਿਵੇਂ ਕੋਈ ਮਹਾਨ ਸ਼ਕਤੀ ਉਸਨੂੰ ਸਪਰਿੰਗ ਵਾਂਗੂੰ ਹਿਲਾ ਰਹੀ ਹੋਵੇ।

ਇਸ ਤੋਂ ਬਾਅਦ ਨੇਚੁੰਗ ਅਤੇ ਮੇਰੇ ਵਿਚਕਾਰ ਸ਼ਬਦਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ ਜਿਸ ਵਿੱਚ ਉਹ ਪੂਜਾ ਦੀਆਂ ਭੇਟਾਂ ਚੜ੍ਹਾਉਂਦਾ ਹੈ। ਫਿਰ ਮੈਂ ਉਸਨੂੰ ਨਿੱਜੀ ਸਵਾਲ ਪੁੱਛਦਾ ਹਾਂ । ਜਵਾਬ ਦੇਣ ਤੋਂ ਬਾਅਦ ਉਹ ਆਪਣੇ ਸਟੂਲ ਤੇ ਵਾਪਸ ਚਲਾ ਜਾਂਦਾ ਹੈ ਅਤੇ ਸਰਕਾਰ ਦੇ ਮੈਂਬਰਾਂ ਦੁਆਰਾ ਪੁੱਛੇ ਗਏ ਸਵਾਲਾਂ ਨੂੰ ਸੁਣਦਾ ਹੈ। ਇਹਨਾਂ ਦੇ ਜਵਾਬ ਦੇਣ ਤੋਂ ਪਹਿਲਾਂ ਕੁਟੇਨ ਦੁਬਾਰਾ ਨੱਚਣਾ ਸ਼ੁਰੂ ਕਰ ਦਿੰਦਾ ਹੈ, ਆਪਣੀ ਤਲਵਾਰ ਆਪਣੇ ਸਿਰ ਉੱਤੇ ਲਹਿਰਾਉਂਦਾ ਹੈ। ਇਸ ਸਮੇਂ ਉਹ ਪੁਰਾਣੇ ਸਮੇਂ ਦੇ ਇੱਕ ਡਰਾਉਣੇ ਤਿੱਬਤੀ ਯੋਧੇ ਸਰਦਾਰ ਵਾਂਗ ਦਿਖਾਈ ਦਿੰਦਾ ਹੈ।

ਜਿਵੇਂ ਹੀ ਦੋਰਜੇ ਡ੍ਰੈਕਡੇਨ ਬੋਲਣਾ ਖਤਮ ਕਰਦਾ ਹੈ, ਕੁਟੇਨ ਆਪਣੀ ਆਖਰੀ ਭੇਟ ਕਰਦਾ ਹੈ ਅਤੇ ਜ਼ਮੀਨ ਤੇ ਬੇਜਾਨ ਅਤੇ ਥੱਕਿਆ ਹੋਇਆ, ਡਿੱਗ ਪੈਂਦਾ ਹੈ, ਭਾਵ ਦੋਰਜੇ ਚਲਾ ਗਿਆ ਹੈ। ਉਸਦਾ ਸਹਾਇਕ ਭੱਜ ਕੇ ਅੰਦਰ ਆਉਂਦਾ ਹੈ, ਤਾਜ ਖੋਲ੍ਹਦਾ ਹੈ ਅਤੇ ਉਸਨੂੰ ਮੁੜ ਹੋਸ਼ ਵਿੱਚ ਲਿਆਉਂਦਾ ਹੈ । ਸਮਾਰੋਹ ਜਾਰੀ ਰਹਿੰਦਾ ਹੈ।

ਇਹ ਵੀ ਅਜੀਬ ਲੱਗ ਸਕਦਾ ਹੈ ਕਿ ਉਸਦੇ ਜਵਾਬ ਕਈ ਵਾਰ ਬਹੁਤ ਅਸਪਸ਼ਟ ਹੁੰਦੇ ਹਨ।

190 ਅਜ਼ਾਦ ਸ਼ਰਨਾਰਥੀ

ਉਦਾਹਰਣ ਵਜੋਂ, ਜਦੋਂ ਮੈਂ ਲਹਾਸਾ ਤੋਂ ਭੱਜਿਆ ਸੀ, ਤਾਂ ਜਵਾਬ ਬਹੁਤ ਖਾਸ ਹੋ ਸਕਦਾ ਹੈ। ਪਰ ਮੈਨੂੰ ਲੱਗਦਾ ਹੈ ਕਿ ਕੋਈ ਵੀ ਵਿਗਿਆਨਕ ਜਾਂਚ ਇਸਦੇ ਐਲਾਨ ਦੀ ਸਚਾਈ ਨਾਲ ਸਹਿਮਤ ਜਾਂ ਅਸਹਿਮਤ ਨਹੀਂ ਹੋ ਸਕਦੀ। ਤਿੱਬਤੀ ਅਨੁਭਵ ਦੇ ਕੁਝ ਹੋਰ ਖੇਤਰਾਂ ਲਈ ਵੀ ਇਹੀ ਸੱਚ ਹੈ, ਜਿਵੇਂ ਕਿ ਤੁਲਕੂ ਦੇ ਪੁਨਰਜਨਮ ਨੂੰ ਲੱਭਣ ਦਾ ਮਾਮਲਾ। ਫਿਰ ਵੀ, ਮੈਨੂੰ ਉਮੀਦ ਹੈ ਕਿ ਕਿਸੇ ਦਿਨ ਇਨ੍ਹਾਂ ਦੋਵਾਂ ਮੁੱਦਿਆਂ 'ਦੀ ਕੁਝ ਜਾਂਚ ਕੀਤੀ ਜਾਵੇਗੀ।

ਤੁਲਕੂ ਦੀ ਪਛਾਣ ਕਰਨ ਦੀ ਪ੍ਰਕਿਰਿਆ ਅਸਲ ਵਿੱਚ ਕਾਫ਼ੀ ਤਰਕਪੂਰਨ ਹੈ। ਇਹ ਇੱਕ ਹੋਰ ਗੱਲ ਹੈ ਕਿ ਅਜਿਹਾ ਨਹੀਂ ਲੱਗਦਾ। ਬੋਧੀ ਮੰਨਦੇ ਹਨ ਕਿ ਪੁਨਰਜਨਮ ਇੱਕ

ਹਕੀਕਤ ਹੈ। ਭਾਵੇਂ ਅਸੀਂ ਇਹ ਮੰਨ ਲਈਏ ਕਿ ਪੁਨਰਜਨਮ ਦਾ ਉਦੇਸ਼ ਸਾਰੇ ਸੰਵੇਦਨਸ਼ੀਲ ਜੀਵਾਂ ਦੇ ਦੁੱਖਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਾ ਹੈ, ਫਿਰ ਵੀ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਕਿਸੇ ਨੂੰ ਲੱਭ ਸਕਦੇ ਹਾਂ। ਇਹ ਉਹਨਾਂ ਨੂੰ ਸਿੱਖਿਆ ਦੇਣ ਅਤੇ ਉਹਨਾਂ ਨੂੰ ਦੁਨੀਆ ਵਿੱਚ ਸਥਾਪਿਤ ਕਰਨ ਦਾ ਮੌਕਾ ਦਿੰਦਾ ਹੈ ਤਾਂ ਜੋ ਉਹ ਜਲਦੀ ਤੋਂ ਜਲਦੀ ਆਪਣਾ ਲੋਕ ਭਲਾਈ ਦਾ ਕੰਮ ਜਾਰੀ ਰੱਖ ਸਕਣ।

ਪਛਾਣ ਪ੍ਰਕਿਰਿਆ ਵਿੱਚ ਕੁਝ ਗਲਤੀਆਂ ਹੋ ਸਕਦੀਆਂ ਹਨ, ਪਰ ਜ਼ਿਆਦਾਤਰ ਤੁਲਕੂਆਂ ਦੇ ਜੀਵਨ (ਹੁਣ ਸਿਰਫ਼ ਕੁਝ ਸੌ ਹੋ ਸਕਦੇ ਹਨ, ਜਦੋਂ ਕਿ ਚੀਨੀ ਹਮਲੇ ਤੋਂ ਪਹਿਲਾਂ ਤਿੱਬਤ ਵਿੱਚ ਕੁਝ ਹਜ਼ਾਰ ਰਹੇ ਹੋਣਗੇ) ਇਸ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਦਾ ਇੱਕ ਸੱਚਾ ਪ੍ਰਮਾਣ ਹਨ।

ਮੈਂ ਪਹਿਲਾਂ ਹੀ ਕਿਹਾ ਹੈ ਕਿ ਪੁਨਰ ਜਨਮ ਦਾ ਪੂਰਾ ਉਦੇਸ਼ ਕਿਸੇ ਵਿਅਕਤੀ ਦੇ ਕੰਮ ਨੂੰ ਅੱਗੇ ਵਧਾਉਣਾ ਹੈ। ਜਦੋਂ ਕਿਸੇ ਖਾਸ ਵਿਅਕਤੀ ਦੇ ਅਗਲੇ ਅਵਤਾਰ ਨੂੰ ਲੱਭਣ ਦੀ ਗੱਲ ਆਉਂਦੀ ਹੈ ਤਾਂ ਇਸ ਦੇ ਹੋਰ ਵੀ ਜ਼ਿਆਦਾ ਅਰਥ ਹੁੰਦੇ ਹਨ। ਉਦਾਹਰਣ ਵਜੋਂ, ਮੈਂ ਸਾਰੇ ਜੀਵਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਪਰ ਮੈਂ ਖਾਸ ਕਰਕੇ ਆਪਣੇ ਤਿੱਬਤੀ ਭਰਾਵਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਇਸ ਲਈ ਜੇਕਰ ਮੈਂ ਤਿੱਬਤੀਆਂ ਨੂੰ ਆਜ਼ਾਦੀ ਪ੍ਰਾਪਤ ਕਰਨ ਤੋਂ ਪਹਿਲਾਂ ਮਰ ਜਾਂਦਾ ਹਾਂ, ਤਾਂ ਇਹ ਮੰਨਣਾ ਤਰਕਸੰਗਤ ਹੋਵੇਗਾ ਕਿ ਮੇਰਾ ਤਿੱਬਤ ਤੋਂ ਬਾਹਰ ਪੁਨਰ ਜਨਮ ਹੋਵੇਗਾ। ਹਾਂ, ਇਹ ਸੰਭਵ ਹੈ ਕਿ ਮੇਰੇ ਲੋਕਾਂ ਨੂੰ ਉਦੋਂ ਦਲਾਈ ਲਾਮਾ ਦੀ ਲੋੜ ਨਾ ਹੋਵੇ, ਇਸ ਲਈ ਉਹ ਇੱਕ ਨੂੰ ਲੱਭਣ ਦੀ ਖੇਚਲ ਨਾ ਕਰਨ। ਇਸ ਲਈ, ਮੈਂ ਇੱਕ ਕੀੜੇ ਜਾਂ ਜਾਨਵਰ ਦੇ ਰੂਪ ਵਿੱਚ ਪੁਨਰ ਜਨਮ ਲੈ ਸਕਦਾ ਹਾਂ, ਜਿਸ ਨਾਲ ਸਭ ਤੋਂ ਵੱਧ ਜੀਵਾਂ ਨੂੰ ਲਾਭ ਹੋਵੇਗਾ।

ਇਹ ਪਛਾਣ ਪ੍ਰਕਿਰਿਆ ਵੀ ਓਨੀ ਰਹੱਸਮਈ ਨਹੀਂ ਹੈ ਜਿੰਨੀ ਇਹ ਸੋਚੀ ਜਾਂਦੀ ਹੈ। ਇਸ ਵਿੱਚ, ਸੰਭਾਵਨਾਵਾਂ ਘਟਾਈਆਂ ਜਾਂਦੀਆਂ ਹਨ। ਮੰਨ ਲਓ ਕਿ ਅਸੀਂ ਕਿਸੇ ਖਾਸ ਭਿਕਸ਼ੂ ਦੇ ਪੁਨਰ ਜਨਮ ਦੀ ਖੋਜ ਕਰ ਰਹੇ ਹਾਂ। ਪਹਿਲਾਂ, ਇਹ ਦੇਖਿਆ ਜਾਂਦਾ ਹੈ ਕਿ ਉਹ ਕਦੋਂ ਅਤੇ ਕਿੱਥੇ ਮਰਿਆ ਸੀ। ਫਿਰ, ਇਹ ਸਮਝ ਕੇ ਕਿ ਉਸਦਾ ਨਵਾਂ ਅਵਤਾਰ ਉਸਦੀ ਮੌਤ ਦੇ ਇੱਕ ਜਾਂ ਦੋ ਸਾਲ ਬਾਅਦ ਜਾਂ ਉਸਦੀ ਮੌਤ ਦੇ ਦੋ ਸਾਲ ਬਾਅਦ ਪੈਦਾ

ਹੋਵੇਗਾ, ਇੱਕ ਸਮਾਂ ਸਾਰਣੀ ਬਣਾਈ ਜਾਂਦੀ ਹੈ। ਪੁਨਰਵਤਾਰ ਦਾ ਜਨਮ ਲਗਭਗ ਅਠਾਰਾਂ ਮਹੀਨਿਆਂ ਜਾਂ ਸੰਭਵ ਤੌਰ 'ਤੇ ਦੋ ਸਾਲਾਂ ਬਾਅਦ ਹੋਵੇਗਾ। ਯਾਨੀ ਕਿ ਪਿਛਲੇ ਭਿਕਸ਼ੂ ਦੀ ਮੌਤ ਤੋਂ ਪੰਜ ਸਾਲ ਬਾਅਦ, ਬੱਚਾ ਤਿੰਨ ਜਾਂ ਚਾਰ ਸਾਲ ਦੇ ਵਿਚਕਾਰ ਹੋਣਾ ਚਾਹੀਦਾ ਹੈ। ਇਸ ਤਰ੍ਹਾਂ, ਖੋਜ ਦਾ ਖੇਤਰ ਸੀਮਤ ਹੋ ਜਾਂਦਾ ਹੈ।

ਹੁਣ ਇਹ ਦੇਖਣਾ ਹੈ ਕਿ ਉਹ ਕਿੱਥੇ ਪੈਦਾ ਹੋਵੇਗਾ। ਇਹ ਬਹੁਤ ਆਸਾਨ ਹੈ। ਕੀ ਉਹ ਤਿੱਬਤ ਵਿੱਚ ਹੋਵੇਗਾ ਜਾਂ ਬਾਹਰ? ਜੇਕਰ ਬਾਹਰ ਹੈ, ਤਾਂ ਬਹੁਤ ਸੀਮਤ ਥਾਵਾਂ ਹਨ, ਯਾਨੀ ਕਿ ਉਸਨੂੰ ਭਾਰਤ, ਨੇਪਾਲ ਜਾਂ ਸਵਿਟਜ਼ਰਲੈਂਡ ਆਦਿ ਦੇ ਤਿੱਬਤੀ ਭਾਈਚਾਰੇ ਵਿੱਚ ਲੱਭਿਆ ਜਾ ਸਕਦਾ ਹੈ। ਹੁਣ ਇਹ ਦੇਖਣਾ ਹੈ ਕਿ ਕਿਹੜੇ ਸ਼ਹਿਰ ਵਿੱਚ? ਇਸਦਾ ਅੰਦਾਜ਼ਾ ਪਿਛਲੇ ਅਵਤਾਰ ਦੇ ਜੀਵਨ ਤੋਂ ਲਗਾਇਆ ਜਾਂਦਾ ਹੈ।

ਜਾਦੂ ਜਾਂ ਰਹੱਸ 191

ਇਸ ਤਰ੍ਹਾਂ, ਮੈਂ ਜਿਨ੍ਹਾਂ ਗੁਣਾਂ ਅਤੇ ਚੋਣ ਮਾਪਦੰਡਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਤੋਂ ਬਾਅਦ, ਅਗਲਾ ਕੰਮ ਇੱਕ ਖੋਜ ਟੀਮ ਬਣਾਉਣਾ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਲੋਕਾਂ ਦੀ ਇੱਕ ਟੀਮ ਇਸ ਤਰ੍ਹਾਂ ਜਾਂਦੀ ਹੈ ਜਿਵੇਂ ਉਹ ਖਜ਼ਾਨੇ ਦੀ ਭਾਲ ਕਰਨ ਜਾ ਰਹੇ ਹੋਣ। ਅਕਸਰ, ਜੋ ਕੁਝ ਕੀਤਾ ਜਾਂਦਾ ਹੈ ਉਹ ਹੈ ਭਾਈਚਾਰੇ ਦੇ ਲੋਕਾਂ ਨੂੰ ਤਿੰਨ ਜਾਂ ਚਾਰ ਸਾਲ ਦੀ ਉਮਰ ਦੇ ਬੱਚੇ ਦੀ ਭਾਲ ਕਰਨ ਲਈ ਕਹਿਣਾ ਜੋ ਉਮੀਦਵਾਰ ਵਰਗਾ ਦਿਖਾਈ ਦਿੰਦਾ ਹੈ। ਅਕਸਰ ਕੁੱਝ ਮਦਦਗਾਰ ਸੁਰਾਗ ਮਿਲਦੇ ਹਨ। ਉਦਾਹਰਣ ਵਜੋਂ, ਬੱਚੇ ਦੇ ਜਨਮ ਸਮੇਂ ਵਾਪਰਨ ਵਾਲੀ ਕੋਈ ਬ੍ਰਹਮ ਘਟਨਾ ਜਾਂ ਕੋਈ ਅਸਾਧਾਰਨ ਗੁਣ ਵਾਲਾ ਬੱਚਾ।

ਕਈ ਵਾਰ, ਇਸ ਸਮੇਂ ਦੌਰਾਨ ਦੋ ਜਾਂ ਤਿੰਨ ਜਾਂ ਇਸ ਤੋਂ ਵੀ ਵੱਧ ਸੰਭਾਵਨਾਵਾਂ ਹੋ ਸਕਦੀਆਂ ਹਨ। ਕਈ ਵਾਰ, ਜੇਕਰ ਪਿਛਲਾ ਅਵਤਾਰ ਆਪਣੇ ਅਗਲੇ ਅਵਤਾਰ ਅਤੇ ਆਪਣੇ ਮਾਪਿਆਂ ਦਾ ਨਾਮ ਲਿਖਦਾ ਹੈ ਤਾਂ ਖੋਜ ਟੀਮ ਬਣਾਉਣ ਦੀ ਕੋਈ ਲੋੜ ਨਹੀਂ ਹੁੰਦੀ। ਪਰ ਇਹ ਬਹੁਤ ਘੱਟ ਹੁੰਦਾ ਹੈ। ਕਈ ਵਾਰ, ਭਿਕਸ਼ੂ ਦੇ ਪੈਰੋਕਾਰਾਂ ਨੂੰ ਇੱਕ ਸਪੱਸ਼ਟ ਸੁਪਨਾ ਆਉਂਦਾ ਹੈ ਜਾਂ ਉਹ ਆਪਣੀ ਸੋਚ ਵਿੱਚ ਦੇਖਦੇ ਹਨ ਕਿ ਅਵਤਾਰ ਕਿੱਥੇ ਲੱਭਣਾ ਹੈ। ਹਾਲ ਹੀ ਵਿੱਚ, ਇੱਕ ਉੱਚ ਲਾਮਾ ਨੇ ਹਦਾਇਤ ਕੀਤੀ ਕਿ ਉਸਦੇ

ਪੁਨਰ ਜਨਮ ਦੀ ਭਾਲ ਨਾ ਕੀਤੀ ਜਾਵੇ । ਉਸਨੇ ਕਿਹਾ ਕਿ ਉਸਦੀ ਅਸਲ ਪਛਾਣ (ਪੁਨਰਜਨਮ ਡੇ ਰੂਪ ਵਿੱਚ) ਲੱਭਣ ਦੀ ਮੁਸ਼ਕਲ ਵਿੱਚ ਪੈਣ ਦੀ ਬਜਾਏ, ਜੋ ਵਿਅਕਤੀ ਬੁੱਧ ਧਰਮ ਅਤੇ ਉਸਦੇ ਭਾਈਚਾਰੇ ਦੀ ਬਿਹਤਰ ਸੇਵਾ ਕਰ ਰਿਹਾ ਜਾਪਦਾ ਹੈ, ਉਸਨੂੰ ਉਸਦਾ ਉੱਤਰਾਧਿਕਾਰੀ ਬਣਾਇਆ ਜਾਣਾ ਚਾਹੀਦਾ ਹੈ। ਕੋਈ ਵੀ ਸਖ਼ਤ ਅਤੇ ਤੇਜ਼ ਨਿਯਮ ਨਹੀਂ ਹਨ।

ਜੇਕਰ ਬਹੁਤ ਸਾਰੇ ਬੱਚੇ ਉਮੀਦਵਾਰ ਦਿਖਾਈ ਦਿੰਦੇ ਹਨ, ਤਾਂ ਪਿਛਲੇ ਅਵਤਾਰ ਦਾ ਕੋਈ ਇੱਕ ਜਾਣਿਆ-ਪਛਾਣਿਆ ਵਿਅਕਤੀ ਅੰਤਿਮ ਪ੍ਰੀਖਿਆ ਲੈਂਦਾ ਹੈ। ਜੇਕਰ ਕੋਈ ਬੱਚਾ ਉਸਨੂੰ ਪਛਾਣਦਾ ਹੈ, ਤਾਂ ਇਸਨੂੰ ਇੱਕ ਪੱਕਾ ਸਬੂਤ ਮੰਨਿਆ ਜਾਂਦਾ ਹੈ। ਪਰ ਕਈ ਵਾਰ, ਸਰੀਰਕ ਨਿਸ਼ਾਨਾਂ 'ਤੇ ਵੀ ਵਿਚਾਰ ਕੀਤਾ ਜਾਂਦਾ ਹੈ।

ਬਹੁਤ ਸਾਰੇ ਮਾਮਲਿਆਂ ਵਿੱਚ, ਇੱਕ ਜੋਤਸ਼ੀ ਜਾਂ ਵਿਅਕਤੀ, ਜਿਸ ਕੋਲ " ਗੋਨ-ਸ਼ੇ " ਭਾਵ ਦੂਰੋਂ ਚੀਜ਼ਾਂ ਦੇਖਣ ਦੀ ਆਂਤਰਿਕ ਸ਼ਕਤੀ ਹੈ, ਨਾਲ ਸਲਾਹ ਕੀਤੀ ਜਾਂਦੀ ਹੈ। ਇਹ ਲੋਕ "ਟਾ " ਨਾਮਕ ਇੱਕ ਵਿਧੀ ਦੀ ਵਰਤੋਂ ਕਰਦੇ ਹਨ। ਯਾਨੀ, ਇੱਕ ਸ਼ੀਸ਼ਾ, ਇੱਕ ਅਸਲ ਬੱਚੇ, ਜਾਂ ਇੱਕ ਇਮਾਰਤ, ਜਾਂ ਬੱਚੇ ਦਾ ਨਾਮ ਵੀ ਦਿਖਾ ਸਕਦਾ ਹੈ। ਮੈਂ ਇਸਨੂੰ "ਪ੍ਰਾਚੀਨ ਟੀਵੀ" ਕਹਿੰਦਾ ਹਾਂ। ਇਹ ਉਸ ਅਨੁਭਵ ਦੇ ਬਰਾਬਰ ਹੈ ਜੋ ਰੇਲਿੰਗ ਰਿਨਪੋਚੇ ਨੂੰ ਮੇਰੀ ਖੋਜ ਦੌਰਾਨ ਹੋਇਆ ਸੀ। ਜਦੋਂ ਮੇਰੀ ਖੋਜ ਸ਼ੁਰੂ ਹੋਈ, ਰੇਲਿੰਗ ਰਿਨਪੋਚੇ ਨੇ ਲਹਾਮੋਏ ਲਹਾਤਸੋ ਝੀਲ 'ਵਿੱਚ ਅੱਖਰ A, K, M ਅਤੇ ਮੱਠ ਘਰ ਦੇਖਿਆ।

ਕਦੇ-ਕਦੇ, ਮੈਨੂੰ ਅਵਤਾਰ ਦੀ ਖੋਜ ਵਿੱਚ ਹਦਾਇਤਾਂ ਲਈ ਵੀ ਬੁਲਾਇਆ ਜਾਂਦਾ ਹੈ। ਇਹਨਾਂ ਮਾਮਲਿਆਂ ਵਿੱਚ, ਇਹ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਅੰਤਿਮ ਫੈਸਲਾ ਲਵਾਂ ਕਿ ਉਮੀਦਵਾਰ ਸਹੀ ਹੈ ਜਾਂ ਨਹੀਂ। ਮੈ ਇੱਥੇ ਇਹ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕੋਲ " ਗੋਨ-ਸ਼ੇ " ਦੂਰੋਂ ਚੀਜ਼ਾਂ ਦੇਖਣ ਦੀ ਸ਼ਕਤੀ ਨਹੀਂ ਹੈ। ਅਜਿਹੀ ਸ਼ਕਤੀ ਵਿਕਸਤ ਕਰਨ ਦਾ ਨਾ ਤਾਂ ਸਮਾਂ ਹੈ ਅਤੇ ਨਾ ਹੀ ਮੌਕਾ ਹੈ। ਮੇਰੇ ਕੋਲ ਇਹ ਮੰਨਣ ਦਾ ਕਾਰਨ ਹੈ ਕਿ ਤੇਰ੍ਹਵੇਂ ਦਲਾਈ ਲਾਮਾ ਕੋਲ ਇਸ ਖੇਤਰ ਵਿੱਚ ਕੁਝ ਯੋਗਤਾ ਸੀ।

ਇਹ ਦਿਖਾਉਣ ਲਈ ਕਿ ਮੈਂ ਇਹ ਕਿਵੇਂ ਕਰਦਾ ਹਾਂ, ਮੈਂ ਆਪਣੇ ਸੀਨੀਅਰ ਅਧਿਆਪਕ, ਲਿੰਗ ਰਿਨਪੋਚੇ ਦੀ ਕਹਾਣੀ ਦੱਸਦਾ ਹਾਂ। ਮੈਨੂੰ ਹਮੇਸ਼ਾ ਲਿੰਗ ਰਿਨਪੋਚੇ ਲਈ ਬਹੁਤ ਸਤਿਕਾਰ ਰਿਹਾ ਹੈ, ਅਤੇ ਜਦੋਂ ਮੈਂ ਇੱਕ ਬੱਚਾ ਸੀ ਤਾਂ ਮੈਂ ਉਸਦੇ ਨੌਕਰ ਨੂੰ ਦੇਖ ਕੇ ਡਰ ਜਾਂਦਾ ਸੀ। ਜਦੋਂ ਮੈਂ ਉਸਦੇ ਕਦਮਾਂ ਦੀ ਜਾਣੀ-ਪਛਾਣੀ ਆਵਾਜ਼ ਸੁਣਦਾ ਸੀ ਤਾਂ ਮੇਰੇ ਦਿਲ ਦੀ ਧੜਕਣ ਘੱਟ ਵੱਧ ਹੁੰਦੀ ਰਹਿੰਦੀ ।

192 ਅਜ਼ਾਦ ਸ਼ਰਨਾਰਥੀ

ਪਰ ਹੌਲੀ-ਹੌਲੀ ਇਹ ਡਰ ਸਤਿਕਾਰ ਅਤੇ ਦੋਸਤੀ ਵਿੱਚ ਬਦਲ ਗਿਆ। ਜਦੋਂ ਕੁਝ ਸਮਾਂ ਪਹਿਲਾਂ ਉਸਦੀ ਮੌਤ ਹੋ ਗਈ, ਤਾਂ ਮੈਨੂੰ ਲੱਗਾ ਕਿ ਉਸ ਤੋਂ ਬਿਨਾਂ ਰਹਿਣਾ ਬਹੁਤ ਮੁਸ਼ਕਲ ਹੋਵੇਗਾ। ਉਹ ਇੱਕ ਇਦਾਂ ਦੀ ਚੱਟਾਨ ਬਣ ਗਿਆ ਸੀ ਜਿਸ 'ਤੇ ਮੈਂ ਮਜ਼ਬੂਤੀ ਨਾਲ ਖੜ੍ਹਾ ਸੀ।

ਜਦੋਂ ਮੈਂ 1983 ਦੀਆਂ ਗਰਮੀਆਂ ਦੇ ਅਖੀਰ ਵਿੱਚ ਸਵਿਟਜ਼ਰਲੈਂਡ ਵਿੱਚ ਸੀ, ਤਾਂ ਮੈਂ ਉਸਦੀ ਆਖਰੀ ਬਿਮਾਰੀ ਬਾਰੇ ਸੁਣਿਆ, ਕਿ ਉਸਨੂੰ ਦੌਰਾ ਪਿਆ ਸੀ ਅਤੇ ਉਹ ਅਧਰੰਗ ਹੋ ਗਿਆ ਸੀ। ਇਸ ਖ਼ਬਰ ਨੇ ਮੈਨੂੰ ਬਹੁਤ ਪਰੇਸ਼ਾਨ ਕੀਤਾ। ਫਿਰ ਵੀ, ਇੱਕ ਬੋਧੀ ਹੋਣ ਦੇ ਨਾਤੇ, ਮੈਂ ਜਾਣਦਾ ਹਾਂ ਕਿ ਚਿੰਤਾ ਕਰਨ ਦਾ ਕੋਈ ਫਾਇਦਾ ਨਹੀਂ ਹੈ। ਮੈਂ ਜਿੰਨੀ ਜਲਦੀ ਹੋ ਸਕੇ ਧਰਮਸ਼ਾਲਾ ਗਿਆ, ਜਿੱਥੇ ਮੈਂ ਉਸਨੂੰ ਬਹੁਤ ਬੁਰੀ ਸਰੀਰਕ ਸਥਿਤੀ ਵਿੱਚ ਪਾਇਆ। ਉਸਦੀ ਉਮਰ ਭਰ ਦੀ ਸਖ਼ਤ ਮਾਨਸਿਕ ਸਿਖਲਾਈ ਦੇ ਕਾਰਨ, ਉਸਦਾ ਮਨ ਅਜੇ ਵੀ ਪਹਿਲਾਂ ਵਾਂਗ ਤਿੱਖਾ ਸੀ। ਉਸਦੀ ਅਚਾਨਕ ਮੌਤ ਤੋਂ ਪਹਿਲਾਂ ਕਈ ਮਹੀਨਿਆਂ ਤੱਕ ਉਸਦੀ ਹਾਲਤ ਕਾਬੂ ਵਿੱਚ ਰਹੀ। ਅੰਤ ਵਿੱਚ, ਉਹ ਇੱਕ ਅਰਧ-ਚੇਤਨਾ ਵਾਲੀ ਸਥਿਤੀ ਵਿੱਚ ਡਿੱਗ ਪਿਆ ਜਿਸ ਤੋਂ ਉਹ ਕਦੇ ਠੀਕ ਨਹੀਂ ਹੋਇਆ ਅਤੇ 25 ਦਸੰਬਰ 1983 ਨੂੰ ਉਸਦੀ ਮੌਤ ਹੋ ਗਈ। ਪਰ ਜੇਕਰ ਤੁਹਾਨੂੰ ਉਸਦੇ ਇੱਕ ਅਸਾਧਾਰਨ ਵਿਅਕਤੀ ਹੋਣ ਦੇ ਸਬੂਤ ਦੀ ਲੋੜ ਹੈ, ਤਾਂ ਮੈਂ ਤੁਹਾਨੂੰ ਦੱਸਾਂ ਕਿ ਉਸਨੂੰ ਮੁਰਦਾ ਕਰਾਰ ਦਿੱਤੇ ਜਾਣ ਤੋਂ ਬਾਅਦ ਤੇਰਾਂ ਦਿਨਾਂ ਤੱਕ, ਗਰਮ ਮੌਸਮ ਦੇ ਬਾਵਜੂਦ ਉਸਦਾ ਸਰੀਰ ਬਰਕਰਾਰ ਰਿਹਾ। ਅਜਿਹਾ ਲੱਗ ਰਿਹਾ ਸੀ ਜਿਵੇਂ ਉਹ ਅਜੇ ਵੀ ਜ਼ਿੰਦਾ ਸੀ, ਭਾਵੇਂ ਡਾਕਟਰਾਂ ਨੇ ਉਸਨੂੰ ਪਹਿਲਾਂ ਹੀ ਮੁਰਦਾ ਕਰਾਰ ਕਰ ਦਿੱਤਾ ਸੀ।

ਜਦੋਂ ਮੈਂ ਉਸਦੇ ਸਵਰਗਵਾਸੀ ਹੋਣ ਦੇ ਤਰੀਕੇ ਬਾਰੇ ਸੋਚਦਾ ਹਾਂ, ਤਾਂ ਲਿੰਗ ਰਿਨਪੋਚੇ ਨੇ ਉਸਦੀ ਬਿਮਾਰੀ ਨੂੰ ਕਿਉਂ ਲੰਮਾ ਕੀਤਾ? ਜਾਣਬੁੱਝ ਕੇ, ਤਾਂ ਜੋ ਮੈਂ ਉਸ ਤੋਂ ਬਿਨਾਂ ਰਹਿਣਾ ਸਿੱਖ ਸਕਾਂ। ਪਰ ਇਹ ਸਿਰਫ਼ ਅੱਧੀ ਕਹਾਣੀ ਹੈ। ਕਿਉਂਕਿ ਜਦੋਂ ਤਿੱਬਤੀਆਂ ਦੀ ਗੱਲ ਆਉਂਦੀ ਹੈ, ਤਾਂ ਕਹਾਣੀ ਕਦੇ ਖਤਮ ਨਹੀਂ ਹੁੰਦੀ। ਲਿੰਗ ਰਿਨਪੋਚੇ ਦਾ ਪੁਨਰ ਜਨਮ ਮਿਲ ਗਿਆ ਹੈ ਅਤੇ ਉਹ ਇੱਕ ਹੁਸ਼ਿਆਰ ਅਤੇ ਸ਼ਰਾਰਤੀ ਤਿੰਨ ਸਾਲ ਦਾ ਬੱਚਾ ਹੈ। ਜਦੋਂ ਉਹ ਲੱਭਿਆ ਗਿਆ, ਤਾਂ ਉਸਨੇ ਖੋਜ ਟੀਮ ਦੇ ਇੱਕ ਮੈਂਬਰ ਨੂੰ ਸਪੱਸ਼ਟ ਤੌਰ 'ਤੇ ਪਛਾਣ ਲਿਆ। ਉਹ ਸਿਰਫ਼ ਅਠਾਰਾਂ ਮਹੀਨਿਆਂ ਦਾ ਸੀ, ਫਿਰ ਵੀ ਉਸਨੇ ਮੈਂਬਰ ਨੂੰ ਨਾਮ ਲੈ ਕੇ ਬੁਲਾਇਆ ਅਤੇ ਮੁਸਕਰਾਉਂਦੇ ਹੋਏ ਉਸਦੇ ਕੋਲ ਗਿਆ। ਇਸ ਤੋਂ ਬਾਅਦ, ਉਸਨੇ ਉਸ ਬੱਚੇ ਵਿੱਚ ਆਪਣੇ ਪੂਰਵਜ ਬਾਰੇ ਬਹੁਤ ਸਾਰੀਆਂ ਗੱਲਾਂ ਪਛਾਣੀਆਂ।

ਜਦੋਂ ਮੈਂ ਪਹਿਲੀ ਵਾਰ ਇਸ ਬੱਚੇ ਨੂੰ ਮਿਲਿਆ, ਤਾਂ ਮੈਨੂੰ ਉਸਦੀ ਪਛਾਣ ਬਾਰੇ ਕੋਈ ਸ਼ੱਕ ਨਹੀਂ ਸੀ। ਉਹ ਇਸ ਤਰ੍ਹਾਂ ਵਿਵਹਾਰ ਕਰ ਰਿਹਾ ਸੀ ਜਿਵੇਂ ਉਸਨੇ ਮੈਨੂੰ ਪਛਾਣ ਲਿਆ ਹੋਵੇ ਅਤੇ ਉਸੇ ਸਮੇਂ ਉਸਨੇ ਮੇਰਾ ਸਤਿਕਾਰ ਕੀਤਾ। ਉਸ ਸਮੇਂ ਮੈਂ ਇਸ ਛੋਟੇ ਲਿੰਗ-ਰਿਨਪੋਚੇ ਨੂੰ ਇੱਕ ਵੱਡੀ ਚਾਕਲੇਟ ਦਿੱਤੀ। ਉਸਨੇ ਇਸਨੂੰ ਆਪਣਾ ਹੱਥ ਅੱਗੇ ਕਰਕੇ ਉਸਨੂੰ ਫੜਿਆ ਅਤੇ ਜਿੰਨਾ ਚਿਰ ਉਹ ਮੇਰੇ ਨੇੜੇ ਸੀ ਆਪਣਾ ਸਿਰ ਝੁਕਾਈ ਰੱਖਿਆ। ਮੈਂ ਕਲਪਨਾ ਨਹੀਂ ਕਰ ਸਕਦਾ ਕਿ ਕੋਈ ਹੋਰ ਬੱਚਾ ਚਾਕਲੇਟ ਫੜੇਗਾ ਅਤੇ ਇਸਨੂੰ ਖਾਧੇ ਬਿਨਾਂ ਇੰਨੀ ਦੇਰ ਤੱਕ ਰਸਮੀ ਤੌਰ 'ਤੇ ਉੱਥੇ ਖੜ੍ਹਾ ਰਹੇਗਾ। ਜਦੋਂ ਮੈਂ ਉਸਨੂੰ ਆਪਣੇ ਘਰ ਮਿਲਿਆ ਅਤੇ ਉਸਨੂੰ ਦਰਵਾਜ਼ੇ 'ਤੇ ਲਿਆਂਦਾ ਗਿਆ, ਤਾਂ ਉਸਨੇ ਉਹੀ ਕੀਤਾ ਜੋ ਰਿਨਪੋਚੇ ਨੇ ਕੀਤਾ ਸੀ। ਇਹ ਸਪੱਸ਼ਟ ਸੀ ਕਿ ਉਹ ਆਪਣਾ ਰਸਤਾ ਜਾਣਦਾ ਸੀ। ਅਤੇ ਫਿਰ ਜਦੋਂ ਉਹ ਮੇਰੇ ਅਧਿਐਨ ਕਮਰੇ ਵਿੱਚ ਆਇਆ, ਤਾਂ ਉਸਨੇ ਮੇਰੇ ਇੱਕ ਸੇਵਾਦਾਰ ਨਾਲ ਜਾਣ-ਪਛਾਣ ਦਿਖਾਈ ਜੋ ਟੁੱਟੀ ਹੋਈ ਲੱਤ ਦਾ ਇਲਾਜ ਚੱਲ ਰਿਹਾ ਸੀ। ਇਸ ਛੋਟੇ ਰਿਨਪੋਚੇ ਨੇ ਪਹਿਲਾਂ ਸੇਵਾਦਾਰ ਨੂੰ ਬਹੁਤ ਗੰਭੀਰਤਾ ਨਾਲ ਇੱਕ ਖਟਾਗ ਦਿੱਤਾ ਅਤੇ ਫਿਰ ਹੱਸਦੇ ਹੋਏ ਉਸਨੇ ਆਪਣੀ ਇੱਕ ਬੈਸਾਖੀ ਚੁੱਕੀ ਅਤੇ ਦੌੜਨ ਅਤੇ ਛਾਲ ਮਾਰਨ ਲੱਗ ਪਿਆ ਜਿਵੇਂ ਇਹ ਝੰਡੇ ਦਾ ਖੰਭਾ ਹੋਵੇ।

ਇਸ ਬੱਚੇ ਦੀ ਇੱਕ ਹੋਰ ਪ੍ਰਭਾਵਸ਼ਾਲੀ ਕਹਾਣੀ ਸੁਣੋ। ਮੈਨੂੰ ਬੋਧਗਯਾ ਵਿੱਚ ਪਉਪਦੇਸ਼ ਦੇਣਾ ਸੀ

ਜਾਦੂ ਜਾਂ ਰਹੱਸ 193

ਅਤੇ ਇਸ ਬੱਚੇ ਨੂੰ ਦੋ ਸਾਲ ਦੀ ਉਮਰ ਵਿੱਚ ਉੱਥੇ ਲੈ ਜਾਇਆ ਗਿਆ ਸੀ। ਬਿਨਾਂ ਕਿਸੇ ਨੂੰ ਪੁੱਛੇ ਉਹ ਆਪਣੇ ਗੋਡਿਆਂ ਭਾਰ ਮੇਰੇ ਬੈੱਡਰੂਮ ਦੀਆਂ ਪੌੜੀਆਂ ਚੜ੍ਹ ਗਿਆ ਅਤੇ ਖਟਾਗ ਨੂੰ ਮੇਰੇ ਬਿਸਤਰੇ 'ਤੇ ਰੱਖ ਦਿੱਤਾ। ਅੱਜ ਇਹ ਲਿੰਗ ਰਿਨਪੋਚੇ ਗ੍ਰੰਥਾਂ ਦਾ ਪਾਠ ਕਰਦਾ ਹੈ। ਇਹ ਦੇਖਣਾ ਬਾਕੀ ਹੈ ਕਿ ਕੀ, ਇੱਕ ਵਾਰ ਜਦੋਂ ਉਹ ਪੜ੍ਹਨਾ ਅਤੇ ਲਿਖਣਾ ਸਿੱਖ ਲੈਂਦਾ ਹੈ, ਤਾਂ ਉਹ ਇਨ੍ਹਾਂ ਨੌਜਵਾਨ ਤੁਲਕੁਆਂ ਵਾਂਗ ਹੈਰਾਨੀਜਨਕ ਗਤੀ ਨਾਲ ਪਾਠਾਂ ਨੂੰ ਯਾਦ ਕਰ ਸਕੇਗਾ। ਇਹ ਇਸ ਤਰ੍ਹਾਂ ਹੈ ਜਿਵੇਂ ਉਹ ਉੱਥੋਂ ਪੜ੍ਹ ਰਿਹਾ ਹੈ ਜਿੱਥੇ ਉਸਨੇ ਉਹ ਪਾਠ ਛੱਡਿਆ ਸੀ। ਮੈਂ ਬਹੁਤ ਸਾਰੇ ਛੋਟੇ ਬੱਚਿਆਂ ਨੂੰ ਜਾਣਦਾ ਹਾਂ ਜੋ ਪਾਠਾਂ ਦੇ ਕਈ ਪੰਨਿਆਂ ਨੂੰ ਆਸਾਨੀ ਨਾਲ ਯਾਦ ਕਰ ਸਕਦੇ ਸਨ।

ਪੁਨਰ ਜਨਮ ਦੀ ਭਾਲ ਦੀ ਪ੍ਰਕਿਰਿਆ ਵਿੱਚ ਰਹੱਸ ਦਾ ਇੱਕ ਤੱਤ ਜ਼ਰੂਰ ਹੈ। ਪਰ ਇੱਕ ਬੋਧੀ ਹੋਣ ਦੇ ਨਾਤੇ, ਇਹ ਕਹਿਣਾ ਕਾਫ਼ੀ ਹੈ ਕਿ ਮਾਓ, ਲਿੰਕਨ ਜਾਂ ਚਰਚਿਲ ਵਰਗੇ ਲੋਕ ਸਿਰਫ਼ ਐਂਵੇ ਹੀ ਨਹੀਉਂ ਬਣ ਜਾਂਦੇ ।

ਤਿੱਬਤੀ ਅਨੁਭਵ ਦਾ ਇੱਕ ਹੋਰ ਖੇਤਰ ਜਿਸਦੀ ਮੈਂ ਵਿਗਿਆਨਕ ਤੌਰ 'ਤੇ ਜਾਂਚ ਕੀਤੀ ਜਾਣੀ ਚਾਹੁੰਦਾ ਹਾਂ ਉਹ ਹੈ ਤਿੱਬਤੀ ਡਾਕਟਰੀ ਪ੍ਰਣਾਲੀ। ਹਾਲਾਂਕਿ ਇਹ ਪ੍ਰਣਾਲੀ ਲਗਭਗ ਦੋ ਹਜ਼ਾਰ ਸਾਲ ਪੁਰਾਣੀ ਹੈ ਅਤੇ ਪ੍ਰਾਚੀਨ ਪਰਸ਼ੀਆ ਸਮੇਤ ਕਈ ਸਰੋਤਾਂ ਤੋਂ ਉਤਪੰਨ ਹੋਈ ਹੈ, ਅੱਜ ਇਸਦੇ ਸਿਧਾਂਤ ਪੂਰੀ ਤਰ੍ਹਾਂ ਬੋਧੀ ਹਨ। ਇਹ ਇਸਨੂੰ ਪੱਛਮੀ ਦਵਾਈ ਤੋਂ ਬਹੁਤ ਵੱਖਰਾ ਬਣਾਉਂਦਾ ਹੈ। ਉਦਾਹਰਣ ਵਜੋਂ, ਇਹ ਸਿਧਾਂਤ ਮੰਨਦਾ ਹੈ ਕਿ ਹਰ ਬਿਮਾਰੀ ਦੀ ਜੜ੍ਹ ਅਗਿਆਨਤਾ, ਇੱਛਾ ਜਾਂ ਨਫ਼ਰਤ ਹੈ।

ਤਿੱਬਤੀ ਦਵਾਈ ਦੇ ਅਨੁਸਾਰ, ਸਰੀਰ ਤਿੰਨ ਨੋਪਾ ਤੋਂ ਪ੍ਰਭਾਵਿਤ ਹੁੰਦਾ ਹੈ। ਨੋਪਾ ਦਾ ਅਰਥ ਹੈ 'ਨੁਕਸਾਨ ਪਹੁੰਚਾਉਣ ਵਾਲਾ" । ਪਰ ਇਸਦਾ ਅੰਗਰੇਜ਼ੀ ਅਨੁਵਾਦ ਅਕਸਰ 'ਹਾਸੇ' ਵਜੋਂ ਕੀਤਾ ਜਾਂਦਾ ਹੈ। ਨੋਪਾ ਨੂੰ ਹਰ ਸਮੇਂ ਸਰੀਰ ਵਿੱਚ ਮੌਜੂਦ ਮੰਨਿਆ ਜਾਂਦਾ ਹੈ। ਇਸਦਾ ਅਰਥ ਹੈ ਕਿ ਸਰੀਰ ਕਦੇ ਵੀ ਬਿਮਾਰੀ ਜਾਂ ਬਿਮਾਰੀ ਦੀ ਸੰਭਾਵਨਾ

ਤੋਂ ਮੁਕਤ ਨਹੀਂ ਹੁੰਦਾ। ਜਦੋਂ ਉਹ ਸੰਤੁਲਨ ਵਿੱਚ ਹੁੰਦੇ ਹਨ ਤਾਂ ਸਰੀਰ ਸਿਹਤਮੰਦ ਰਹਿੰਦਾ ਹੈ। ਪਰ ਇੱਕ ਗੜਬੜ ਇਹਨਾਂ ਤਿੰਨਾਂ ਜੜ੍ਹਾਂ ਵਿੱਚੋਂ ਇੱਕ ਨੂੰ ਪ੍ਰਗਟ ਕਰ ਸਕਦੀ ਹੈ, ਜਿਸਦਾ ਪਤਾ ਮਰੀਜ਼ ਦੀ ਨਬਜ਼ ਜਾਂ ਪਿਸ਼ਾਬ ਦੀ ਜਾਂਚ ਕਰਕੇ ਲਗਾਇਆ ਜਾ ਸਕਦਾ ਹੈ। ਕੁੱਲ ਮਿਲਾ ਕੇ, ਗੁੱਟ ਅਤੇ ਛਾਤੀ 'ਤੇ ਬਾਰਾਂ ਮੁੱਖ ਬਿੰਦੂ ਹਨ ਜਿੱਥੇ ਨਬਜ਼ ਦੀ ਜਾਂਚ ਕੀਤੀ ਜਾਂਦੀ ਹੈ। ਇਸੇ ਤਰ੍ਹਾਂ, ਪਿਸ਼ਾਬ ਦੀ ਵੀ ਕਈ ਤਰੀਕਿਆਂ ਨਾਲ ਜਾਂਚ ਕੀਤੀ ਜਾਂਦੀ ਹੈ (ਰੰਗ ਅਤੇ ਗੰਧ ਲਈ, ਆਦਿ)।

ਜਿੱਥੋਂ ਤੱਕ ਇਲਾਜ ਦਾ ਸਵਾਲ ਹੈ, ਪਹਿਲਾ ਕਦਮ ਵਿਵਹਾਰ ਅਤੇ ਖੁਰਾਕ ਨਾਲ ਸਬੰਧਤ ਹੈ। ਦੂਜਾ ਦਵਾਈਆਂ, ਐਕਿਊਪੰਕਚਰ ਅਤੇ ਮੋਕਸੀਬਸਸ਼ਨ (ਸੇਕਣ ਦਾ ਖਾਸ ਤਰੀਕਾ, ਇਲਾਜ) ਹੈ, ਤੀਜਾ ਅਤੇ ਚੌਥਾ ਸਰਜਰੀ ਆਦਿ ਹੈ । ਦਵਾਈਆਂ ਵੀ ਜੈਵਿਕ ਪਦਾਰਥਾਂ ਤੋਂ ਬਣੀਆਂ ਹੁੰਦੀਆਂ ਹਨ, ਕਈ ਵਾਰ ਧਾਤ ਦੇ ਆਕਸਾਈਡ ਅਤੇ ਖਣਿਜ (ਉਦਾਹਰਣ ਵਜੋਂ, ਕੁਚਲਿਆ ਹੋਇਆ ਹੀਰਾ) ਨਾਲ ਮਿਲਾਇਆ ਜਾਂਦਾ ਹੈ।

ਹੁਣ ਤੱਕ, ਤਿੱਬਤੀ ਦਵਾਈ 'ਤੇ ਬਹੁਤ ਘੱਟ ਆਧੁਨਿਕ ਡਾਕਟਰੀ ਖੋਜ ਕੀਤੀ ਗਈ ਹੈ। ਪਰ ਮੇਰੇ ਸਾਬਕਾ ਡਾਕਟਰ, ਡਾ. ਯੇਸ਼ੇ ਢੋਂਡੇਨ, ਨੇ ਅਮਰੀਕਾ ਵਿੱਚ ਵਰਜੀਨੀਆ ਯੂਨੀਵਰਸਿਟੀ ਦੀ ਪ੍ਰਯੋਗਸ਼ਾਲਾ ਵਿੱਚ ਵੱਖ-ਵੱਖ ਪ੍ਰਯੋਗਾਂ ਵਿੱਚ ਹਿੱਸਾ ਲਿਆ। ਮੈਂ ਸਮਝਦਾ ਹਾਂ ਕਿ ਉਸਨੇ ਚਿੱਟੇ ਚੂਹਿਆਂ ਵਿੱਚ ਕੈਂਸਰ ਦੇ ਇਲਾਜ ਵਿੱਚ ਕੁਝ ਹੈਰਾਨੀਜਨਕ ਤੌਰ 'ਤੇ ਚੰਗੇ ਨਤੀਜੇ ਦਿਖਾਏ ਹਨ। ਪਰ ਕੋਈ ਵੀ ਸਿੱਟਾ ਕੱਢਣ ਤੋਂ ਪਹਿਲਾਂ ਬਹੁਤ ਸਾਰਾ ਕੰਮ ਕਰਨ ਦੀ ਲੋੜ ਹੈ। ਇਸ ਦੌਰਾਨ, ਮੇਰੇ ਨਿੱਜੀ ਤਜਰਬੇ ਦੇ ਆਧਾਰ 'ਤੇ, ਮੈਂ ਸਿਰਫ ਇਹੀ ਕਹਿ ਸਕਦਾ ਹਾਂ ਕਿ ਮੈਨੂੰ ਤਿੱਬਤੀ ਦਵਾਈ ਬਹੁਤ ਪ੍ਰਭਾਵਸ਼ਾਲੀ ਲੱਗੀ।

194 ਅਜ਼ਾਦ ਸ਼ਰਨਾਰਥੀ

ਮੈਂ ਇਹ ਦਵਾਈਆਂ ਨਿਯਮਿਤ ਤੌਰ 'ਤੇ ਲੈਂਦਾ ਹਾਂ। ਸਿਰਫ਼ ਇਲਾਜ ਲਈ ਹੀ ਨਹੀਂ, ਸਗੋਂ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਵੀ। ਬਚਣ ਲਈ ਵੀ। ਮੈਂ ਪਾਇਆ ਹੈ ਕਿ ਇਹ ਸਰੀਰ ਨੂੰ ਮਜ਼ਬੂਤ ਬਣਾਉਂਦੀਆਂਹਨ ਜਦੋਂ ਕਿ ਮਾੜੇ ਪ੍ਰਭਾਵ ਘੱਟ ਹੁੰਦੇ ਹਨ।

ਨਤੀਜਾ ਇਹ ਹੈ ਕਿ ਮੇਰੇ ਲੰਬੇ ਅਤੇ ਰੁਝੇਵੇ ਭਰੇ ਦਿਨਾਂ ਦੇ ਧਿਆਨ ਦੇ ਬਾਵਜੂਦ, ਮੈਨੂੰ ਕਦੇ ਥਕਾਵਟ ਮਹਿਸੂਸ ਨਹੀਂ ਹੋਈ।

ਇੱਕ ਹੋਰ ਖੇਤਰ ਜਿੱਥੇ ਆਧੁਨਿਕ ਵਿਗਿਆਨ ਅਤੇ ਤਿੱਬਤੀ ਸੱਭਿਆਚਾਰ ਵਿਚਕਾਰ ਮੇਲ-ਜੋਲ ਦੀ ਸੰਭਾਵਨਾ ਹੈ, ਉਹ ਵਿਹਾਰਕ ਗਿਆਨ ਦੀ ਬਜਾਏ ਸਿਧਾਂਤਕ ਹੈ। ਕਣ-ਭੌਤਿਕ ਵਿਗਿਆਨ (ਪਾਰਟੀਕਲ ਫਿਜੀਕਸ) ਵਿੱਚ ਕੁਝ ਆਧੁਨਿਕ ਖੋਜਾਂ ਮਨ ਅਤੇ ਪਦਾਰਥ ਦੀ ਇੱਕ ਗੈਰ-ਦੋਹਰੀ ਸਥਿਤੀ ਵੱਲ ਇਸ਼ਾਰਾ ਕਰਦੀਆਂ ਜਾਪਦੀਆਂ ਹਨ। ਉਦਾਹਰਣ ਵਜੋਂ, ਇਹ ਪਾਇਆ ਗਿਆ ਹੈ ਕਿ ਜੇਕਰ ਇੱਕ ਵੈਕਿਊਮ ਨੂੰ ਸੰਕੁਚਿਤ (ਸੰਘਣਾ) ਕੀਤਾ ਜਾਂਦਾ ਹੈ, ਤਾਂ ਕਣ ਪ੍ਰਗਟ ਹੋ ਜਾਂਦੇ ਹਨ, ਭਾਵ ਕਿ ਪਦਾਰਥ ਉਸਦੇ ਵਿੱਚ ਕਿਸੇ ਰੂਪ ਵਿੱਚ ਸੀ। ਇਹ ਖੋਜਾਂ ਵਿਗਿਆਨ ਅਤੇ ਖਾਲੀਪਣ ਦੇ "ਬੋਧੀ ਮਾਧਿਅਮਿਕਾ ਦੇ ਨਿਰਵਾਤ ਸਿਧਾਂਤ" ਵਿਚਕਾਰ ਇੱਕ ਰਸਤਾ ਖੋਲ੍ਹ ਸਕਦੀਆਂ ਹਨ। ਇਹ ਸਿਧਾਂਤ ਮੰਨਦਾ ਹੈ ਕਿ ਮਨ ਅਤੇ ਪਦਾਰਥ ਵੱਖਰੇ ਹਨ ਪਰ ਇੱਕ ਦੂਜੇ ਤੇ ਨਿਰਭਰ ਹਨ।

ਮੈਂ ਵਿਗਿਆਨਕ ਪ੍ਰਣਾਲੀ ਵਿੱਚ ਅਧਿਆਤਮਿਕ ਵਿਸ਼ਵਾਸਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਨ ਦੇ ਖ਼ਤਰੇ ਤੋਂ ਜਾਣੂ ਹਾਂ। ਕਿਉਂਕਿ ਜਦੋਂ ਕਿ ਬੁੱਧ ਧਰਮ ਆਪਣੇ ਜਨਮ ਤੋਂ 2,500 ਸਾਲਾਂ ਤੋਂ ਜਿਉਂਦਾ ਹੈ, ਵਿਗਿਆਨ ਵਿੱਚ ਸੰਪੂਰਨਤਾ ਦੇ ਮੁਕਾਬਲਤਨ ਥੋੜ੍ਹੇ ਸਮੇਂ ਲਈ ਰੁਝਾਨ ਰਿਹਾ ਹੈ। ਮੈਂ ਇਹ ਨਹੀਂ ਕਹਿ ਰਿਹਾ ਕਿ ਜੋਤਸ਼ੀ ਅਤੇ ਇਸ ਤਰ੍ਹਾਂ ਦੇ ਲੋਕ ਅਤੇ ਜਮਾਉਣ ਵਾਲੀਆਂ ਠੰਢੀਆਂ ਸਥਿਤੀਆਂ ਵਿੱਚ ਬਰਫ਼ 'ਤੇ ਰਾਤ ਬਿਤਾਉਣ ਵਾਲੇ ਭਿਕਸ਼ੂ ਜਾਦੂਈ ਸ਼ਕਤੀਆਂ ਦਾ ਸਬੂਤ ਹਨ। ਫਿਰ ਵੀ, ਮੈਂ ਆਪਣੇ ਚੀਨੀ ਭਰਾਵਾਂ ਨਾਲ ਸਹਿਮਤ ਨਹੀਂ ਹੋ ਸਕਦਾ ਜੋ ਇਨ੍ਹਾਂ ਘਟਨਾਵਾਂ ਵਿੱਚ ਸਾਡੇ ਵਿਸ਼ਵਾਸ ਨੂੰ ਪਛੜੇਪਣ ਅਤੇ ਜੰਗਲੀਪੁਣੇ ਦਾ ਸਬੂਤ ਮੰਨਦੇ ਹਨ। ਇਹ ਵਿਚਾਰ ਪੂਰੀ ਤਰ੍ਹਾਂ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵੀ ਸਹੀ ਨਹੀਂ ਹੈ।

ਅਤੇ ਫਿਰ ਇਹ ਤੱਥ ਵੀ ਹੈ ਕਿ ਜੇਕਰ ਕਿਸੇ ਸਿਧਾਂਤ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਇਸ ਨਾਲ ਸਬੰਧਤ ਹਰ ਚੀਜ਼ ਜਾਇਜ਼ ਹੈ। ਇਸ ਦੇ ਮੁਕਾਬਲੇ, ਇੰਨੇ ਸਪੱਸ਼ਟ ਸਬੂਤ ਮਿਲਣ ਤੋਂ ਬਾਅਦ ਵੀ ਕਿ ਕਮਿਊਨਿਜ਼ਮ ਇੱਕ ਅਪੂਰਣ ਪ੍ਰਣਾਲੀ ਹੈ, ਮਾਰਕਸ ਜਾਂ ਲੈਨਿਨ ਦੁਆਰਾ ਕਹੀ ਗਈ ਹਰ ਗੱਲ ਨੂੰ ਅੰਨ੍ਹੇਵਾਹ ਸਵੀਕਾਰ ਕਰਨਾ ਹਾਸੋਹੀਣਾ ਹੋਵੇਗਾ। ਜਿਨ੍ਹਾਂ ਖੇਤਰਾਂ ਦਾ ਸਾਨੂੰ

ਗਿਆਨ ਨਹੀਂ ਹੈ, ਉਨ੍ਹਾਂ ਦੀ ਜਾਂਚ ਕਰਦੇ ਸਮੇਂ ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਹੋਵੇਗੀ। ਇੱਥੇ ਵਿਗਿਆਨ ਲਾਭਦਾਇਕ ਹੋ ਸਕਦਾ ਹੈ। ਆਖ਼ਰਕਾਰ, ਅਸੀਂ ਚੀਜ਼ਾਂ ਨੂੰ ਸਿਰਫ਼ ਉਦੋਂ ਹੀ ਰਹੱਸਮਈ ਕਹਿੰਦੇ ਹਾਂ ਜਦੋਂ ਅਸੀਂ ਉਨ੍ਹਾਂ ਨੂੰ ਸਮਝ ਨਹੀਂ ਸਕਦੇ।

ਮੈਂ ਹੁਣ ਤੱਕ ਜੋ ਜਾਂਚ ਦੇ ਜਿੰਨੇ ਵੀ ਸਿੱਟੇ ਦਿੱਤੇ ਹਨ ਉਹ ਸਾਰੇ ਪੱਖਾਂ ਨੂੰ ਲਾਭ ਪਹੁੰਚਾ ਰਹੇ ਹਨ। ਪਰ ਮੈਨੂੰ ਲੱਗਦਾ ਹੈ ਕਿ ਉਹ ਓਨੇ ਹੀ ਸਹੀ ਹਨ ਜਿੰਨੇ ਸਹੀ ਪ੍ਰਯੋਗ ਕੀਤੇ ਗਏ ਸਨ। ਅਤੇ ਫਿਰ ਮੈਂ ਇਹ ਵੀ ਜਾਣਦਾ ਹਾਂ ਕਿ ਕੁਝ ਨਾ ਲੱਭਣ ਦਾ ਮਤਲਬ ਇਹ ਨਹੀਂ ਹੈ ਕਿ ਇਹ ਮੌਜੂਦ ਨਹੀਂ ਹੈ। ਇਹ ਸਿਰਫ ਇਹ ਸਾਬਤ ਕਰਦਾ ਹੈ ਕਿ ਇਸਨੂੰ ਪ੍ਰਯੋਗ ਦੁਆਰਾ ਲੱਭਿਆ ਨਹੀਂ ਜਾ ਸਕਿਆ (ਜੇਕਰ ਮੇਰੀ ਜੇਬ ਵਿੱਚ ਇੱਕ ਗੈਰ-ਧਾਤੂ ਵਸਤੂ ਹੈ ਅਤੇ ਇੱਕ ਧਾਤ ਡਿਟੈਕਟਰ ਇਸਦਾ ਪਤਾ ਲਗਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਮੇਰੀ ਜੇਬ ਖਾਲੀ ਹੈ)। ਇਸ ਲਈ ਸਾਨੂੰ ਬਹੁਤ ਧਿਆਨ ਨਾਲ ਖੋਜ ਕਰਨੀ ਪੈਂਦੀ ਹੈ, ਖਾਸ ਕਰਕੇ ਉਨ੍ਹਾਂ ਖੇਤਰਾਂ ਵਿੱਚ ਜਿੱਥੇ ਵਿਗਿਆਨਕ ਅਨੁਭਵ ਬਹੁਤ ਘੱਟ ਹੈ। ਕੁਦਰਤ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਨੂੰ ਧਿਆਨ ਵਿੱਚ ਰੱਖਣਾ ਵੀ ਮਹੱਤਵਪੂਰਨ ਹੈ।

ਜਾਦੂ ਜਾਂ ਰਹੱਸ 195

ਉਦਾਹਰਣ ਵਜੋਂ, ਜਦੋਂ ਵਿਗਿਆਨਕ ਜਾਂਚ ਮੇਰੇ ਵਿਚਾਰਾਂ ਨੂੰ ਨਹੀਂ ਲੱਭ ਸਕਦੀ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਮੌਜੂਦ ਨਹੀਂ ਹਨ। ਨਾ ਹੀ ਇਹ ਕਿ ਉਹਨਾਂ ਨੂੰ ਜਾਂਚ ਦੇ ਕਿਸੇ ਹੋਰ ਢੰਗ ਨਾਲ ਲੱਭਿਆ ਨਹੀਂ ਜਾ ਸਕਦਾ। ਤਿੱਬਤੀ ਅਨੁਭਵਾਂ ਬਾਰੇ ਵੀ ਇਹੀ ਸੱਚ ਹੈ। ਮਾਨਸਿਕ ਸਿਖਲਾਈ ਦੁਆਰਾ ਅਸੀਂ ਅਜਿਹੀਆਂ ਤਕਨੀਕਾਂ ਵਿਕਸਤ ਕਰਨ ਦੇ ਯੋਗ ਹੋਏ ਹਾਂ ਜਿਨ੍ਹਾਂ ਨੂੰ ਵਿਗਿਆਨ ਅਜੇ ਤੱਕ ਸਹੀ ਢੰਗ ਨਾਲ ਸਮਝਾ ਨਹੀਂ ਸਕਦਾ। ਅਤੇ ਇਹ ਤਿੱਬਤੀ ਬੁੱਧ ਧਰਮ ਅਤੇ "ਜਾਦੂ ਦਾ ਰਹੱਸ" ਦਾ ਆਧਾਰ ਹੈ।

****

sjeet